
ਜਾਗਿਆ ਜਗਤਾ ਜਗਤ ਮੈ ਜਿਉ ਮੰਦਰ ਮਹਿ ਦੀਪ ॥
ਸਭ ਜਗ ਚਾਨਣ ਕਰ ਦੀਆ ਭਾਰਤ ਖੰਡ ਕੇ ਦੀਪ ॥

# ਭਾਈ ਘਨੱਈਆ ਸੇਵਾ ਜੋਤੀ

www.sewapanthi.com

ਜਨਵਰੀ 2009




ਬ੍ਰਹਮ ਗਿਆਨੀ ਭਾਈ ਜਗਤਾ ਜੀ ਸਾਹਿਬ

ੴ ਸਤਿਗੁਰ ਪ੍ਰਸਾਦਿ ॥

ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥

ਮਹਾਨ ਤਿਆਗੀ, ਵੈਰਾਗੀ ਤੇ ਤਪੱਸਵੀ



ਸ੍ਰੀਮਾਨ 108 ਮਹੰਤ
ਭਾਈ ਆਸਾ ਸਿੰਘ ਜੀ "ਸੇਵਾ ਪੰਥੀ"

## ਦੀ 35ਵੀਂ ਪਾਵਨ ਯਾਦ

ਪਰਉਪਕਾਰੀ, ਵਿੱਦਿਆਦਾਨੀ ਤੇ ਬ੍ਰਹਮਗਿਆਨੀ



ਸਚਿਖੰਡਵਾਸੀ
ਮਹੰਤ ਤੀਰਥ ਸਿੰਘ ਜੀ "ਸੇਵਾ ਪੰਥੀ"

## ਦੀ ਪਹਿਲੀ ਬਰਸੀ

ਤੇ

# ਸਾਲਾਨਾ ਯੱਗ-ਸਮਾਗਮ

ਮਿਤੀ 13, 14 ਤੇ 15 ਜਨਵਰੀ 2009 ਦਿਨ ਮੰਗਲਵਾਰ, ਬੁੱਧਵਾਰ ਤੇ ਵੀਰਵਾਰ

ਨੂੰ ਮਨਾਏ ਜਾ ਰਹੇ ਹਨ ।

## ਟਿਕਾਣਾ ਭਾਈ ਜਗਤਾ ਜੀ ਸਾਹਿਬ (ਨੂਰਪੁਰ ਬਨ)

ਗੋਨਿਆਣਾ ਮੰਡੀ - 151 201 (ਬਠਿੰਡਾ, ਪੰਜਾਬ)

੧ਓ ਸਤਿਗੁਰ ਪ੍ਰਸਾਦਿ ॥

ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ ॥

# ਭਾਈ ਘਨੱਈਆ ਸੇਵਾ ਜੋਤੀ ਪੰਜਾਬੀ ਮਾਸਿਕ

ਸਾਲ : 25ਵਾਂ | ਅੰਕ : ਪਹਿਲਾ | ਜਨਵਰੀ 2009 | ਕੀਮਤ : ਅਮੁੱਲ



ਫਾਂਊਡਰ : ਸਵ: ਮਹੰਤ ਤੀਰਥ ਸਿੰਘ 'ਸੇਵਾ ਪੰਥੀ',

ਮੁੱਖ ਸਰਪ੍ਰਸਤ : ਮਹੰਤ ਕਾਹਨ ਸਿੰਘ 'ਸੇਵਾ ਪੰਥੀ' ਫੋਨ : 2262012,ਮੋਬਾ: 98140-04503,

ਸਰਪ੍ਰਸਤ : ਸੰਤ ਰਣਜੀਤ ਸਿੰਘ 'ਸੇਵਾ ਪੰਥੀ'
ਫੋਨ : 2262276, ਮੋਬਾ: 98140-35191
ਸੰਤ ਹਰਪਾਲ ਸਿੰਘ 'ਸੇਵਾ ਪੰਥੀ' ਗੋਨਿਆਣਾ ਭਾਈ ਜਗਤਾ
ਸ: ਤ੍ਰਿਲੋਚਣ ਸਿੰਘ 'ਸੇਠੀ', ਮੁੰਬਈ।

ਮੁੱਖ ਸਲਾਹਕਾਰ : ਸੰਤ ਜਗਜੀਤ ਸਿੰਘ 'ਭਾਈਆ' ਮੋਬਾ:98140-90142
ਸ:ਹਰਵਿੰਦਰ ਸਿੰਘ 'ਟੀਟੂ', ਹਰੀ ਨਗਰ, ਦਿੱਲੀ ਮੋਬਾ:98100-89645
ਸ: ਗੁਰਬਚਨ ਸਿੰਘ ਚੱਢਾ ਲੰਡਨ (U.K.), ਸ: ਵਜਿੰਦਰ ਸਿੰਘ ਐਡਵੋਕੇਟ, ਅੰਬਾਲਾ
ਸ: ਸੁਰਜਨ ਸਿੰਘ ਘੁਲਿਆਣੀ ਮੋਬਾ: 98552-06378
ਸ੍ਰੀਮਤੀ ਭੁਪਿੰਦਰ ਕੌਰ ਪਤਨੀ ਸ: ਜੀ.ਐਸ. ਬਜਾਜ ਦਿੱਲੀ,
ਸ: ਜਸਪਾਲ ਸਿੰਘ, ਹਿੰਦੁਸਤਾਨ ਰੈਫਰੀਜੇਸ਼ਨ ਦਿੱਲੀ।

**ਸੰਪਾਦਕੀ ਬੋਰਡ**
ਫਾਊਡਰ ਇੰਟਰਨੈਟ ਐਡੀਟਰ : ਸਵ: ਭੁਪਿੰਦਰ ਸਿੰਘ 'ਸੇਵਾ ਪੰਥੀ'
ਮੁੱਖ ਸੰਪਾਦਕ : ਚਮਨ ਸਿੰਘ 'ਚਮਨ' Ph.2262152,M.98140-75504
ਇੰਚਾਰਜ ਜਨਰਲ ਦਫਤਰ : ਮੈਡਮ ਸਤੀਸ਼ ਸ਼ਾਹਣੀ B.SC. (Medical) B.Ed.
Mob. 98884-00061,Ph. 2262051 (Office)
ਸ: ਸੰਪਾਦਕ : ਅਮਰਜੀਤ ਸਿੰਘ 'ਮਾਛੀਵਾੜਾ',ਗੁਰਮੀਤ ਕੌਰ 'ਮੀਤ'


## ਤਤਕਰਾ


| ਲੇਖ | ਪ੍ਰਕਾਸ਼ਮਾਨ ਜੋਤਾਂ | ਪੰਨਾ |
|---|---|---|
| ਮਾਘਿ ਮਹੀਨੇ ਦਾ ਮੂਲ ਪਾਠ ਤੇ ਵਿਸ਼ੇਸ਼ ਤਿੱਥ-ਤਿਉਹਾਰ | ਸ. ਸੰਪਾਦਕ | 2 |
| ਸੰਪਾਦਕੀ | ਚਮਨ ਸਿੰਘ 'ਚਮਨ' | 3 |
| ਸੰਖੇਪ ਜੀਵਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ | ਸੰਪਾਦਕ | 4 |
| ਵਧਾਈ ਸੰਦੇਸ਼ ਅਵਤਾਰ ਪੁਰਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ | ਮਹੰਤ ਕਾਹਨ ਸਿੰਘ ਸੇਵਾ ਪੰਥੀ | 5 |
| ਸਾਲਾਨਾ ਯੱਗ ਸਮਾਗਮ ਦੇ ਪ੍ਰੋਗਰਾਮ ਦੀ ਝਲਕ | ਮਹੰਤ ਕਾਹਨ ਸਿੰਘ ਸੇਵਾ ਪੰਥੀ | 6 |
| ਕੰਠ ਸ਼ੁੱਧ ਗੁਰਬਾਣੀ ਉਚਾਰਣ ਪ੍ਰਤੀਯੋਗਤਾ | ਮਹੰਤ ਕਾਹਨ ਸਿੰਘ ਸੇਵਾ ਪੰਥੀ | 7 |
| ਪ੍ਰੋਗਰਾਮ ਪ੍ਰਚਾਰ ਯਾਤਰਾ (ਮਹੰਤ ਜੀ) | ਮੈਨੇਜਰ ਜਗਦੇਵ ਸਿੰਘ | 8 |
| ਕਥਾ ਸੁਖਮਨੀ ਸਾਹਿਬ (ਲੜੀਵਾਰ) | ਮਹੰਤ ਕਾਹਨ ਸਿੰਘ 'ਸੇਵਾ ਪੰਥੀ' | 9 |
| ਗਉੜੀ ਬਾਵਨ ਅਖਰੀ ਮਹਲਾ ੫ | ਮਹੰਤ ਕਾਹਨ ਸਿੰਘ 'ਸੇਵਾ ਪੰਥੀ' | 11 |
| ਚੜ੍ਹਦੀਕਲਾ ਦੇ ਪ੍ਰਤੀਕ ਗੁਰੂ ਗੋਬਿੰਦ ਸਿੰਘ | ਡਾ. ਹਰਚੰਦ ਸਿੰਘ ਸਰਹਿੰਦੀ | 13 |
| ਉਪਦੇਸ਼ ਸ੍ਰੀ ਗੁਰੂ ਗੋਬਿੰਦ ਸਿੰਘ ਜੀ | ਸਿੱਖ ਮਿਸ਼ਨਰੀ ਕਾਲਜ ਦੀ ਪ੍ਰਕਾਸ਼ਨਾਂ ਵਿੱਚੋਂ | 18 |
| ਵਿਸ਼ੇਸ਼ ਭਾਗ ਬਾਬਾ ਜਗਤਾ ਜੀ | ਸਵ: ਨਰਿੰਦਰ ਸਿੰਘ ਸੋਚ | 25 |
| ਸੰਖੇਪ ਜੀਵਨ ਦਰਸ਼ਨ ਮਹੰਤ ਆਸਾ ਸਿੰਘ ਜੀ | ਸੰਪਾਦਕ | 31 |
| ਮਹੰਤ ਆਸਾ ਸਿੰਘ ਜੀ | ਮਹੰਤ ਕਾਹਨ ਸਿੰਘ 'ਸੇਵਾ ਪੰਥੀ' | 32 |
| ਬ੍ਰਹਮ ਗਿਆਨੀ ਮਹੰਤ ਤੀਰਥ ਸਿੰਘ ਜੀ 'ਸੇਵਾਪੰਥੀ' | ਚਮਨ ਸਿੰਘ 'ਚਮਨ' | 36 |
| ਅਨਮੋਲ ਬਚਨ | ਸਤੀਸ਼ ਸ਼ਾਹਣੀ | 39 |
| ਵਰ-ਘਰ | ਸਿਲਵੰਤ ਕੌਰ | 40 |

ੴ ਸਤਿਗੁਰ ਪ੍ਰਸਾਦਿ ॥

# ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪

## ਮਾਘਿ

ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ ॥
ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ ॥
ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ ॥
ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ ॥
ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥
ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ ॥
ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ ॥
ਜਿਨਾ ਮਿਲਿਆ ਪ੍ਰਭੁ ਆਪਣਾ ਨਾਨਕ ਤਿਨ ਕੁਰਬਾਨੁ ॥
ਮਾਘਿ ਸੁਚੇ ਸੇ ਕਾਂਢੀਅਹਿ ਜਿਨ ਪੂਰਾ ਗੁਰੁ ਮਿਹਰਵਾਨੁ ॥੧੨॥

| | | | | |
|---|---|---|---|---|
| ਸੰਮਤ ਬਿਕ੍ਰਮੀ | 2065 | ਗੁਰਪੁਰਬ ਤੇ | ਪੰਚਮੀ | 1,31 ਜਨਵਰੀ |
| ਸੰਮਤ ਨਾਨਕਸ਼ਾਹੀ | 540 | ਵਿਸ਼ੇਸ਼ ਦਿਵਸ | ਪੂਰਨਮਾਸ਼ੀ | 11 ਜਨਵਰੀ |
| ਸੰਮਤ ਖਾਲਸਾ | 310 | ਜਨਵਰੀ 2009 | ਸੰਗ੍ਰਾਂਦ | 13 ਜਨਵਰੀ |
| ਸੰਮਤ ਸਾਕਾ | 1930 | | ਮੱਸਿਆ | 26 ਜਨਵਰੀ |

| ਗੁਰਪੁਰਬ ਤੇ ਵਿਸ਼ੇਸ਼ ਦਿਵਸ | ਪ੍ਰੰਪਰਾਗਤ ਅਨੁਸਾਰ | ਨਾਨਕਸ਼ਾਹੀ ਕੈਲੰਡਰ ਅਨੁਸਾਰ |
|---|---|---|
| ★ ਅਵਤਾਰ ਪੁਰਬ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ | 3 ਜਨਵਰੀ | 5 ਜਨਵਰੀ |
| ★ ਪ੍ਰਕਾਸ਼ ਦਿਵਸ ਸ਼੍ਰੀ ਗੁਰੂ ਹਰਿਰਾਏ | ............... | 31 ਜਨਵਰੀ |
| ★ ਮੇਲਾ ਮਾਘੀ ਮੁਕਤਸਰ | 13 ਜਨਵਰੀ | 13 ਜਨਵਰੀ |
| ★ ਬਰਸੀ ਸਮਾਗਮ ਬਾਬਾ ਜਗਤਾ ਜੀ (ਗੋਨਿ: ਮੰਡੀ) | 15ਜਨਵਰੀ | ............... |
| ★ ਰੀਪਬਲਿਕ ਡੇ | 26 ਜਨਵਰੀ | 26 ਜਨਵਰੀ |
| ★ ਜ. ਦਿ. ਬਾਬਾ ਦੀਪ ਸਿੰਘ ਜੀ ਸ਼ਹੀਦ (ਅੰਮ੍ਰਿ:) | 26 ਜਨਵਰੀ | 26 ਜਨਵਰੀ |

## ਸੰਪਾਦਕੀ

''ਸ਼ੁਭ ਦੇਸ਼ ਪੰਜਾਬ ਸੁ ਰਾਤ ਸਮੈਂ, ਬਿਚ ਤਾਹਿ ਕੇ ਦੀਪ ਸਮਾ ਜਗਤਾ''

ਸ੍ਰੀ ਸੰਤ ਰਤਨ ਮਾਲ੍ਹਾ ।

ਧੰਨ ਭਾਈ ਜਗਤਾ ਜੀ (1798 ਬਿ: ਤੋਂ 1868 ਬਿ:) ਅਤੇ ਉਨ੍ਹਾਂ ਦਾ ਪਵਿੱਤਰ ਸਥਾਨ ਟਿਕਾਣਾ ਸਾਹਿਬ ਮੁੱਕਟਮਣੀ ਭਾਈ ਘਨੱਈਆ ਸਾਹਿਬ ਤੋਂ ਪ੍ਰਚੱਲਿਤ 'ਸੇਵਾ ਪੰਥੀ' ਸੰਪ੍ਰਦਾਇ' ਦੇ ਮੁੱਖ ਪੱਥ-ਪ੍ਰਦਰਸ਼ਕਾਂ ਦੀ ਲੜੀ ਵਿੱਚ ਪੰਜਵੇਂ ਸਥਾਨ ਤੇ ਭਾਈ ਜਗਤਾ ਜੀ ਹੋਏ ਹਨ । ਜਿਨ੍ਹਾਂ ਨੇ ਆਪ ਆਪਣੇ ਉੱਚ ਆਦਰਸ਼ਕ ਜੀਵਨ ਮਹਾਨ ਕਰਨੀਆਂ ਅਤੇ ਘਾਲਨਾਵਾਂ ਦੇ ਫਲ ਸਰੂਪ ਨੂਰਪੁਰ ਥਲ (ਪਾਕਿਸਤਾਨ) ਦੀ ਉਜਾੜ ਧਰਤੀ ਨੂੰ ਜਿੱਥੇ ਨਵੀਂ ਜਿੰਦਗੀ ਬਖ਼ਸ਼ੀ ਉਥੇ ਥਲ ਦਾ ਜ਼ਰਾ-ਜ਼ਰਾ ਜਗ ਮਗਾ ਦਿੱਤਾ । ਨੂਰਪੁਰ ਦੇ ਬੇਕੁੰਠ ਧਾਮ ਹਰਿਮੰਦਰ ਵਿੱਚੋਂ ਨਾਮ ਬਾਣੀ ਦਾ ਪ੍ਰਵਾਹ, ਰਾਹੀਆਂ-ਪਾਂਧੀਆਂ ਲਈ ਸੁਖਧਾਮ ਧਰਮਸ਼ਾਲਾਵਾਂ, ਜਲ-ਪਾਣੀ ਲਈ ਖੂਹ-ਤਲਾਬ-ਛੱਪੜ, ਲੋੜਵੰਦਾਂ ਲਈ ਹਰ ਵੇਲੇ ਗੁਰੂ ਕਾ ਲੰਗਰ, ਦੀਨ ਦੁਖੀਆਂ ਲਈ ਦਵਾ-ਦਾਰੂ, ਅਨਾਥਾਂ ਅਪਾਹਜਾਂ ਲਈ ਜੀਵਨ ਨਿਰਬਾਹ, ਚੋਰਾਂ-ਠੱਗਾਂ ਤੇ ਜੋਰਾਵਰਾਂ ਨੂੰ ਸਬਰ-ਸੰਤੋਖ ਤੇ ਸ਼ਾਤੀ ਦੀ ਖੁੱਲ੍ਹੀ ਖੈਰ ਵੰਡੀ । ਉਸ ਮਹਾਨ ਸੰਤ, ਪੂਰਨ ਬ੍ਰਹਮ-ਗਿਆਨੀ, ਨਾਮ ਅਭਿਆਸੀ, ਬਾਣੀ ਦੇ ਰਸੀਏ, ਪਰਉਪਕਾਰੀ, ਨਿਰਮਾਣ ਸੇਵਕ, ਸਮਦ੍ਰਿਸ਼ਟੀ ਵਾਲੇ ਤੇ ਰਿੱਧੀਆਂ-ਸਿੱਧੀਆਂ ਦੇ ਮਾਲਕ ਨੇ ਸਭ ਹਿੰਦੂਆਂ, ਸਿੱਖਾਂ ਤੇ ਮੁਸਲਮਾਨਾਂ ਦੇ ਦਿਲ ਜਿੱਤ ਲਏ । ਹਰ ਪ੍ਰਾਣੀ ਦੇ ਮੁੱਖੋਂ ਧੰਨ ਭਾਈ ਜਗਤਾ ਜੀ ਦੀ ਸਾਂਝੀ ਸਦਾ ਆਣ ਲੱਗੀ । ਇਤਿਹਾਸ ਸਾਖੀ ਹੈ ਕਿ ਭਾਈ ਜਗਤਾ ਜੀ ਦੇ ਸਮਕਾਲੀ ਸ਼ੇਰ-ਏ-ਪੰਜਾਬ ਮਹਾਰਾਜ ਰਣਜੀਤ ਸਿੰਘ ਨੇ ਆਪ ਜੀ ਦੀ ਸ਼ੋਭਾ ਸੁਣਕੇ ਤਿੰਨ ਵਾਰ ਆਪ ਜੀ ਦੇ ਦਰਸ਼ਨ ਕੀਤੇ ਅਤੇ ਵੱਡ-ਮੁੱਲੀਆਂ ਭੇਟਾਂ ਨਜ਼ਰ ਕੀਤੀਆਂ । ਆਪ ਜੀ ਦੀ ਉੱਚੀ-ਸੁੱਚੀ ਪ੍ਰਤਿਭਾ ਨੂੰ 'ਸ੍ਰੀ ਸੰਤ ਰਤਨ ਮਾਲਾ' ਦੇ ਕਰਤਾ ਨੇ ਇੱਕ ਸਵੱਯੇ ਵਿੱਚ ਇਸ ਤਰ੍ਹਾਂ ਰੂਪਮਾਨ ਕੀਤਾ ਹੈ :-

ਜਾਗਿਆ ਜਗਤਾ ਜਗਤ ਮੈ, ਜਿਉ ਮੰਦਰ ਮਹਿ ਦੀਪ ॥
ਸਭ ਜਗ ਚਾਨਣ ਕਰ ਦੀਆ ਭਾਰਤ ਖੰਡ ਕੇ ਦੀਪ ॥

ਇਸ ਤਰ੍ਹਾਂ ਇਹ ਮਹਾਨ ਸੇਵਾ ਜੋਤੀ 2 ਮਾਘ 1868 ਬਿ: ਨੂੰ ਆਪਣੇ ਮੁੱਖੀ ਸ਼ਿਸ਼ ਭਾਈ ਹਜਾਰੀ ਰਾਮ ਜੀ ਨੂੰ ਅੱਗੇ ਸੇਵਾ ਜੋਤੀ ਬਖ਼ਸ਼ਕੇ ਜੋਤੀ ਜੋਤ ਸਮਾ ਗਏ । ਸੰਗਤਾਂ ਤੇ ਸੇਵਕਾਂ ਨੇ ਆਪਦੀਆਂ ਕਰਨੀਆਂ ਦੀ ਯਾਦ ਵਿੱਚ ਇੱਕ ਆਲੀਸ਼ਾਨ ਸਦੀਵੀ ਯਾਦਗਾਰ ਉਸਾਰ ਕੇ ਆਪਣੀ ਸੱਚੀ-ਸੁੱਚੀ ਸਰਧਾ ਭੇਂਟ ਕੀਤੀ । ਸੰਨ 1947 ਵਿੱਚ ਹਿੰਦ-ਪਾਕ ਵੰਡਾਰੇ ਸਮੇਂ ਉਨ੍ਹਾਂ ਦੇ ਦਸਵੇਂ ਸਰੂਪ ਸ੍ਰੀਮਾਨ ਮਹੰਤ ਗੁਲਾਬ ਸਿੰਘ ਜੀ ਨੇ ਨੂਰਪੁਰ ਥਲ ਦੇ ਉਸ ਮਹਾਨ ਡੇਰੇ ਨੂੰ ਗੋਨਿਆਣਾ ਮੰਡੀ ਵਿਖੇ ਟਿਕਾਣਾ ਭਾਈ ਜਗਤਾ ਜੀ ਸਾਹਿਬ ਦੇ ਪਵਿੱਤਰ ਨਾਮ ਤੇ ਸਥਾਪਿਤ ਕਰ ਦਿੱਤਾ ਅਤੇ ਉਸੇ ਤਰ੍ਹਾਂ ਉਨ੍ਹਾਂ ਦੀ ਯਾਦਗਾਰ ਕਾਇਮ ਕਰ ਦਿੱਤੀ ।

ਚਮਨ ਸਿੰਘ ਚਮਨ
ਮੁੱਖ ਸੰਪਾਦਕ



# ਸੰਖੇਪ ਜੀਵਨੀ
## ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਜਨਮ : 22-12-1666 ਈ:

ਜਨਮ ਅਸਥਾਨ : ਪਟਨਾ ਸ਼ਹਿਰ (ਬਿਹਾਰ)

ਪਿਤਾ ਦਾ ਨਾਮ : ਗੁਰੂ ਤੇਗ ਬਹਾਦਰ ਜੀ

ਮਾਤਾ ਦਾ ਨਾਮ : ਮਾਤਾ ਗੁਜਰੀ ਜੀ

ਵਿਆਹ : ਗੁਰੂ ਜੀ ਦੇ ਤਿੰਨ ਵਿਆਹ ਹੋਏ ।

1 ਸੰਨ : 1677 ਈ: ਮਾਤਾ ਜੀਤੋ ਜੀ (ਸਪੁੱਤਰੀ ਹਰਜਸ ਸੁਭਿਖੀ ਵਾਸੀ ਲਾਹੌਰ)

2 ਸੰਨ : 1684 ਈ: ਮਾਤਾ ਸੁੰਦਰੀ ਜੀ (ਸਪੁੱਤਰੀ ਰਾਮਸਰਨ ਕਮਰਾਂਵਾਸੀ ਲਾਹੌਰ)

3 ਸੰਨ : 1700 ਈ: ਮਾਤਾ ਸਾਹਿਬ ਦੇਵਾਂ (ਸਪੁੱਤਰੀ ਰਾਮੂ ਵਾਸੀ ਰੁਹਤਾਸ)

ਸੰਤਾਨ :- ਗੁਰੂ ਜੀ ਦੇ 4 ਪੁੱਤਰ ਪੈਦਾ ਹੋਏ

1. ਸੰਨ: 1686 ਈ: ਨੂੰ ਸਾਹਿਬਜਾਦਾ ਅਜੀਤ ਸਿੰਘ ਜੀ
(ਪਾਉਂਟਾ ਸਾਹਿਬ ਵਿਖੇ ਮਾਤਾ ਸੁੰਦਰੀ ਜੀ ਦੀ ਕੁੱਖੋਂ ਪੈਦਾ ਹੋਏ)
2. ਸੰਨ: 1690 ਈ: ਨੂੰ ਸਾਹਿਬਜਾਦਾ ਜੁਝਾਰ ਸਿੰਘ ਜੀ
(ਆਨੰਦਪੁਰ ਸਾਹਿਬ ਵਿਖੇ ਮਾਤਾ ਜੀਤੋ ਜੀ ਦੀ ਕੁੱਖੋਂ ਪੈਦਾ ਹੋਏ)
3. ਸੰਨ: 1696 ਈ: ਨੂੰ ਸਾਹਿਬਜਾਦਾ ਜੋਰਾਵਰ ਸਿੰਘ ਜੀ
(ਆਨੰਦਪੁਰ ਸਾਹਿਬ ਵਿਖੇ ਮਾਤਾ ਜੀਤੋ ਜੀ ਦੀ ਕੁੱਖੋਂ ਪੈਦਾ ਹੋਏ)
4. ਸੰਨ: 1698 ਈ: ਨੂੰ ਸਾਹਿਬਜਾਦਾ ਫਤਿਹ ਸਿੰਘ ਜੀ
(ਆਨੰਦਪੁਰ ਸਾਹਿਬ ਵਿਖੇ ਮਾਤਾ ਜੀਤੋ ਜੀ ਦੀ ਕੁੱਖੋਂ ਪੈਦਾ ਹੋਏ)

ਗੁਰਗੱਦੀ :- ਨਵੰਬਰ 1675 ਈ: ਵਿੱਚ ਪ੍ਰਾਪਤ ਹੋਈ ।

ਖਾਲਸਾ ਪੰਥ ਦੀ ਸਾਜਨਾ :- ਸੰਨ: 1699 ਦੀ ਵਿਸਾਖੀ ਤੇ ਪੰਜ ਪਿਆਰੇ ਚੁਣਕੇ ਅੰਮ੍ਰਿਤ ਛਕਾਕੇ ਖਾਲਸਾ ਸਾਜਿਆ ਫਿਰ ਉਨ੍ਹਾਂ ਪੰਜਾਂ ਪਾਸੋਂ ਖੁਦ ਅੰਮ੍ਰਿਤ ਛਕਕੇ ਸਾਹਿਬ ਪਿਤਾ ਸ੍ਰੀ ਗੋਬਿੰਦ ਰਾਏ ਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਨਾਮ ਵਿੱਚ ਪ੍ਰਵੇਸ਼ ਹੋਏ ।

ਜੋਤੀ ਜੋਤ ਸਮਾਉਣਾ :- 7 ਅਕਤੂਬਰ 1708 ਈ: ਨੂੰ ਨੰਦੇੜ (ਸ੍ਰੀ ਹਜ਼ੂਰ ਸਾਹਿਬ ਵਿੱਚ)

ਕੁੱਲ ਉਮਰ :- 41 ਸਾਲ 9 ਮਹੀਨੇ ਤੇ 15 ਦਿਨ

ਵਿਸ਼ੇਸ਼ ਕਾਰਜ :-

1. 1699 ਈ: ਵਿੱਚ ਅੰਮ੍ਰਿਤ ਛਕਾ ਕੇ ਖਾਲਸੇ ਦੀ ਸਾਜਨਾ ਕੀਤੀ ।
2. ਮੁਗਲਾਂ ਵਿਰੁੱਧ ਜ਼ੁਲਮ ਤੇ ਜ਼ਬਰ ਨੂੰ ਠੱਲ੍ਹ ਪਾਉਣ ਹਿੱਤ ਯੁੱਧ ਲੜੇ ।
3. ਜੰਗ ਦੇ ਮੈਦਾਨ ਵਿੱਚ ਭਾਈ ਘਨੱਈਆ ਜੀ ਵੱਲੋਂ ਅਪਣਿਆਂ ਤੇ ਦੁਸਮਣਾਂ ਨੂੰ ਪਾਣੀ ਪਿਆਉਣ ਤੇ ਫੱਟੜਾਂ ਨੂੰ ਮੱਲ੍ਹਮ ਪੱਟੀ ਕਰਨ ਦਾ ਕਾਰਜ ਸੌਂਪ ਮਨੁੱਖਤਾ ਨੂੰ ਪਿਆਰ ਕਰਨ ਅਤੇ ਮੌਜੂਦਾ ਰੈਡ ਕਰਾਸ ਦੇ ਮੰਤਵ ਦੀ ਸਥਾਪਨਾ ਕੀਤੀ ।
4. ਸਾਰਾ ਸਰਬੰਸ (ਪਿਤਾ,ਮਾਤਾ, ਚਾਰੇ ਬੱਚੇ, ਆਪਣਾ ਆਪ )ਕੁਰਬਾਨ ਕਰਵਾ ਕੇ ਨਵੀਂ ਕੌਮ ਦੀ ਸਥਾਪਨਾ ਕੀਤੀ ।

ੴ ਵਾਹਿਗੁਰੂ ਜੀ ਕੀ ਫਤਹਿ ॥

## ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ ॥

**ਸੰਸਾਰ ਦੀ ਸਮੁੱਚੀ ਮਾਨਵਤਾ ਨੂੰ :**



ਪੁਰਖ ਭਗਵੰਤ, ਮਰਦ ਅਗੰਮੜੇ,
ਸੰਤ-ਸਿਪਾਹੀ, ਯੁੱਗ-ਪਰਿਵਰਤਕ,
ਮਹਾਨ ਤਪੱਸਵੀ, ਮਹਾਨ ਯੋਧੇ,
ਮਹਾਨ ਕਵੀ, ਮਹਾਨ ਕ੍ਰਾਂਤੀਕਾਰੀ,
ਦੁਸ਼ਟ-ਦਮਨ, ਧਰਮ-ਰੱਖਿਅਕ,
ਸਰਬੰਸ-ਦਾਨੀ, ਲਾਸਾਨੀ ਆਗੂ,
ਅੰਮ੍ਰਿਤ ਦੇ ਦਾਤੇ, ਪੰਥ ਦੇ ਵਾਲੀ,
ਗ਼ਰੀਬ ਨਿਵਾਜ਼, ਜਗਤ ਗੁਰੂ,

# ਸਾਹਿਬੇ ਕਮਾਲ

ਕਲਗ਼ੀਧਰ ਦਸਮੇਸ਼ ਪਿਤਾ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ
343ਵੇਂ ਅਵਤਾਰ ਗੁਰਪੁਰਬ ਦੀਆਂ

# ਲੱਖ-ਲੱਖ ਵਧਾਈਆਂ

ਸਮੂੰਹ ਸੰਸਥਾਵਾਂ ਟਿਕਾਣਾ ਭਾਈ ਜਗਤਾ ਜੀ ਸਾਹਿਬ,
ਗੋਨਿਆਣਾ ਮੰਡੀ (ਬਠਿੰਡਾ)

ਭੇਂਟ ਕਰਤਾ :-

## (ਮਹੰਤ) ਕਾਹਨ ਸਿੰਘ "ਸੇਵਾ ਪੰਥੀ"

M. 98140-04503

ਐਸ. ਟੀ. ਡੀ. ਕੋਡ: 0164 ਫੋਨ: 2262012, 2262051

ੴ ਵਾਹਿਗੁਰੂ ਜੀ ਫਤਹਿ ॥

ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥

ਸੇਵਾ ਪੰਥੀ ਟਿਕਾਣਾ ਭਾਈ ਜਗਤਾ ਜੀ ਸਾਹਿਬ
ਗੋਨਿਆਣਾ ਮੰਡੀ (ਬਠਿੰਡਾ) ਵਿਖੇ

# ਸਾਲਾਨਾ ਸਮਾਗਮ ਤੇ ਯੱਗ-ਭੰਡਾਰਾ

ਮਿਤੀ 13, 14, 15 ਜਨਵਰੀ 2009

ਦਿਨ ਮੰਗਲਵਾਰ, ਬੁੱਧਵਾਰ ਅਤੇ ਵੀਰਵਾਰ ਨੂੰ ਮਨਾਇਆ ਜਾ ਰਿਹਾ ਹੈ

## ਪ੍ਰੋਗਰਾਮਾਂ ਦੀ ਝਲਕ

★ 12 ਜਨਵਰੀ 2009 ਦਿਨ ਸੋਮਵਾਰ ਨੂੰ ਰੱਖੇ ਆਖੰਡ ਪਾਠਾਂ ਦੀ ਲੜੀ ਦੀ ਸਮਾਪਤੀ 14 ਜਨਵਰੀ 2009 ਨੂੰ ਸਵੇਰੇ 9.00 ਵਜੇ ਦਰਬਾਰ ਹਾਲ ਵਿਖੇ ਹੋਵੇਗੀ। ਉਪਰੰਤ ਬੱਚਿਆ ਨੂੰ ਚੋਲੇ ਪਾਉਣ ਤੇ ਕੰਘੇ ਲਾਉਣ ਦੀ ਰਸਮ ਹੋਵੇਗੀ।

★ ਮਿਤੀ 13 ਜਨਵਰੀ 2009 ਸਵੇਰੇ 12.00 ਵਜੇ ਤੋਂ **ਅੰਤਰ ਰਾਸ਼ਟਰੀ ਸਕੂਲ-ਕਾਲਜ ਪੱਧਰੀ ਕੰਠ ਸ਼ੁੱਧ ਗੁਰਬਾਣੀ ਉਚਾਰਣ ਪ੍ਰਤੀਯੋਗਤਾ ਅਤੇ 10 ਤੋਂ 12 ਵਜੇ ਬਾਅਦ ਦੁਪਹਿਰ ਸ਼ਬਦ ਗਾਇਣ ਮੁਕਾਬਲੇ ਹੋਣਗੇ।**

★ ਮਿਤੀ 14 ਜਨਵਰੀ 2009 ਗੁਰੂ ਘਰ ਦੇ ਮਹਾਨ ਕੀਰਤਨੀਏ **ਭਾਈ ਦਵਿੰਦਰ ਸਿੰਘ ਜੀ ਸੋਹਾਣੇ ਵਾਲੇ** ਸਵੇਰੇ 4 ਤੋਂ 6 ਵਜੇ ਤੱਕ ਅੰਮ੍ਰਿਤ ਵੇਲੇ ਨਾਮ ਸਿਮਰਨ ਅਭਿਆਸ ਕਰਾਉਣਗੇ।

★ ਮਿਤੀ 14 ਜਨਵਰੀ 2009 ਸਚਿਖੰਡਵਾਸੀ ਮਹੰਤ ਬਾਬਾ ਤੀਰਥ ਸਿੰਘ ਜੀ ਨੂੰ ਸਮ੍ਰਪਿਤ ਕੀਰਤਨ ਦਰਬਾਰ ਹੋਵੇਗਾ ਜਿਸ ਵਿੱਚ ਗੁਰੂ ਘਰ ਦੇ ਮਹਾਨ ਕੀਰਤਨੀਏ ਜੱਥੇ ਰਾਤ 8 ਤੋਂ 2 ਵਜੇ ਤੱਕ ਅੰਮ੍ਰਿਤ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ।

★ ਸਵੇਰੇ ਸ਼ਾਮ 3 ਦਿਨ ਵਿਸ਼ੇਸ਼ ਧਾਰਮਿਕ ਦੀਵਾਨ ਸਜਣਗੇ ਜਿਨ੍ਹਾਂ ਵਿੱਚ ਗੁਰੂ ਘਰ ਦੇ ਮਹਾਨ ਕੀਰਤਨੀਏ ਸੰਤ ਭਾਈ ਅਨੂਪ ਸਿੰਘ ਜੀ ਊਨਾਂ ਸਾਹਿਬ ਵਾਲੇ, ਭਾਈ ਸਰਬਜੀਤ ਸਿੰਘ ਜੀ ਲਾਡੀ ਹਜ਼ੂਰੀ ਰਾਗੀ ਸ੍ਰੀ ਹਰਿਮੰਦਰ ਸਾਹਿਬ, ਭਾਈ ਰਵਿੰਦਰ ਸਿੰਘ ਜੀ ਹਜ਼ੂਰੀ ਰਾਗੀ ਸ੍ਰੀ ਹਰਿਮੰਦਰ ਸਾਹਿਬ, ਭਾਈ ਹਰਜਿੰਦਰ ਸਿੰਘ ਜੀ ਸ੍ਰੀ ਨਗਰ ਵਾਲੇ ਤੇ ਗੁਰਚਰਨ ਸਿੰਘ ਜੀ ਬੀ.ਏ ਦਾ ਢਾਡੀ ਜੱਥਾ ਅੰਮ੍ਰਿਤ ਕੀਰਤਨ ਦੁਆਰਾ ਅਤੇ ਭਾਈ ਇਕਬਾਲ ਸਿੰਘ ਜੀ ਮੀਰਾਕੋਟੀਆ, ਗਿਆਨੀ ਧਰਮਵੀਰ ਸਿੰਘ ਜੀ ਲੁਧਿਆਣਾ ਤੇ ਭਾਈ ਧਰਮ ਸਿੰਘ ਜੀ ਮਲੋਟ, ਗਿ: ਸਾਹਿਬ ਸਿੰਘ ਜੀ 'ਚਮਕ' ਕਥਾ ਦੁਆਰਾ ਗੁਰੂ ਜਸ ਸਰਵਨ ਕਰਾਉਣਗੇ।

★ 15 ਜਨਵਰੀ 2009 ਸਵੇਰੇ 11.00 ਵਜੇ ਸੰਤ ਸੰਮੇਲਨ ਹੋਵੇਗਾ।

★ 15 ਜਨਵਰੀ 2009 ਨੂੰ ਦੁਪਹਿਰ 12.00 ਵਜੇ ਤੋਂ 2.00 ਵਜੇ ਤੱਕ ਗੁਰਦੁਆਰਾ ਟਿਕਾਣਾ ਸਾਹਿਬ ਵਿਖੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਪੰਜ ਪਿਆਰਿਆਂ ਦਾ ਜੱਥਾ ਵੱਡੇ ਪੱਧਰ ਤੇ ਅੰਮ੍ਰਿਤ ਸੰਚਾਰ ਕਰਾਵੇਗਾ।

**ਗੁਰੂ ਕਾ ਲੰਗਰ, ਚਾਹ ਅਤੇ ਪਕੌੜਿਆਂ ਦਾ ਲੰਗਰ ਅਤੁੱਟ ਵਰਤੇਗਾ**

ਸਾਧ ਸੰਗਤ ਦੇ ਦਾਸ :

(ਮਹੰਤ) ਕਾਹਨ ਸਿੰਘ 'ਸੇਵਾ ਪੰਥੀ' Mob. 98140-04503 Ph. (R) 2262012

(ਸੰਤ) ਹਰਪਾਲ ਸਿੰਘ 'ਸੇਵਾ-ਪੰਥੀ', (ਸੰਤ)ਰਣਜੀਤ ਸਿੰਘ 'ਸੇਵਾ-ਪੰਥੀ',

(ਸੰਤ) ਜਗਜੀਤ ਸਿੰਘ 'ਭਾਈਆ'

ਟਿਕਾਣਾ ਭਾਈ ਜਗਤਾ ਜੀ ਸਾਹਿਬ, ਗੋਨਿਆਣਾ ਮੰਡੀ (ਜ਼ਿਲ੍ਹਾ ਬਠਿੰਡਾ -ਪੰਜਾਬ)Ph. (O) 2262051

ੴ ਸਤਿਗੁਰ ਪ੍ਰਸਾਦਿ ॥

ਗੁਰਬਾਣੀ ਇਸੁ ਜਗ ਮਹਿ ਚਾਨਣੁ ॥

# ਸੇਵਾ ਪੰਥੀ ਟਿਕਾਣਾ ਭਾਈ ਜਗਤਾ ਜੀ ਸਾਹਿਬ

ਗੋਨਿਆਣਾ ਮੰਡੀ, ਜਿਲ੍ਹਾ ਬਠਿੰਡਾ (ਪੰਜਾਬ) ਵਿਖੇ

ਸ਼ਬਦ ਗਾਇਣ ਮੁਕਾਬਲੇ ਸਵੇਰੇ 10 ਤੋਂ 12 ਵਜੇ ਤੱਕ ਹੋਣਗੇ

**ਸਾਲਾਨਾ ਰਾਸ਼ਟਰ-ਪੱਧਰੀ ਅੰਤਰ ਸਕੂਲ-ਕਾਲਜ ਕੰਠ-ਸ਼ੁੱਧ ਗੁਰਬਾਣੀ ਉਚਾਰਣ ਪ੍ਰਤੀਯੋਗਤਾ**

**ਮਿਤੀ 13 ਜਨਵਰੀ 2009 ਦਿਨ ਮੰਗਲਵਾਰ ਦੁਪਹਿਰ 12.00 ਵਜੇ ਤੋਂ**

### ਗੁਰਬਾਣੀ ਉਚਾਰਣ ਪ੍ਰਤੀਯੋਗਤਾ ਲਈ ਨਿਯਮ :

1. ਇਹ ਮੁਕਾਬਲੇ ਭਾਰਤ ਵਿਚ ਸਭ ਪੱਧਰ ਦੇ ਸਕੂਲਾ-ਕਾਲਜਾ ਦੇ ਸਿੱਖਿਆਰਥੀਆ ਲਈ ਖੁੱਲ੍ਹੇ ਹਨ।
2. ਇਹ ਮੁਕਾਬਲੇ ਦੋ ਗੁੱਟਾ ਵਿੱਚ (14 ਸਾਲ ਦੀ ਉਮਰ ਤੱਕ ਜੂਨੀਅਰ ਗੁੱਟ ਅਤੇ 14 ਸਾਲਾ ਤੋਂ ਵੱਧ ਸੀਨੀਅਰ ਗੁੱਟ) ਵੱਖ-ਵੱਖ ਹੋਣਗੇ।
3. ਮੁਕਾਬਲੇ (ਗੁਟਕਿਆ ਤੋਂ ਰਹਿਤ) ਕੰਠਾਹਾਰ, ਸ਼ੁੱਧ ਪਾਠਾ ਦੇ ਹੋਣਗੇ।
4. ਪਾਠ ਸ੍ਰੋਮਣੀ ਕਮੇਟੀ ਦੀਆ ਪ੍ਰਕਾਸ਼ਨਾਵਾ ਦਾ ਪ੍ਰਮਾਣੀਕ ਮੰਨਿਆ ਜਾਵੇਗਾ।
5. **ਮੁੱਖ ਮੁਕਾਬਲੇ** : ਜਪੁਜੀ ਸਾਹਿਬ, ਜਾਪੁ ਸਾਹਿਬ, ਤ੍ਵ ਪ੍ਰਸਾਦਿ ਸਵੱਯੇ (ਸ੍ਰਾਵਗ ਸੁੱਧ ਸਮੂਹ),ਰਹਿਰਾਸ, ਕੀਰਤਨ ਸੋਹਿਲਾ, ਅਨੰਦੁ ਸਾਹਿਬ ਵਿਚ ਹੋਣਗੇ। ਪਹਿਲੇ ,ਦੂਜੇ ਤੇ ਤੀਜੇ ਦਰਜੇ ਵਿੱਚ ਆਉਣ ਵਾਲਿਆ ਨੂੰ ਢੁੱਕਵੇ ਇਨਾਮ ਦਿੱਤੇ ਜਾਣਗੇ।
6. **ਸਾਧਾਰਣ ਮੁਕਾਬਲੇ** : ਉਪਰੋਕਤ ਬਾਣੀਆ ਵਿਚ ਗਰੁੱਪ ਵਾਰ ਚਾਰ, ਤਿੰਨ, ਦੋ ਜਾ ਕੇਵਲ ਇੱਕ ਬਾਣੀ ਦੇ ਮੁਕਾਬਲੇ ਵੀ ਹੋਣਗੇ। ਚੋਹਾ ਗੁਰੁਪਾ ਵਿਚੋ ਵੱਖ-ਵੱਖ ਪਹਿਲੇ, ਦੂਜੇ ਤੇ ਤੀਜੇ ਦਰਜੇ ਵਿੱਚ ਆਉਣ ਵਾਲਿਆ ਨੂੰ ਇਨਾਮ ਦਿੱਤੇ ਜਾਣਗੇ।
7. ਵਿਦਿਆਰਥੀ ਮੁੱਖ ਜਾ ਸਧਾਰਣ ਕੇਵਲ ਇੱਕ ਮੁਕਾਬਲੇ ਵਿੱਚ ਭਾਗ ਲੈ ਸਕਣਗੇ।
8. ਹਰੇਕ ਭਾਗ ਲੈਣ ਵਾਲੇ ਵਿਦਿਆਰਥੀ ਲਈ 'ਜਪੁਜੀ ਸਾਹਿਬ' ਬਾਣੀ ਸੁਣਾਉਣੀ ਜਰੂਰੀ ਹੋਵੇਗੀ। ਚਾਹੇ ਉਹ ਇੱਕ ਬਾਣੀ, ਦੋ ਬਾਣੀਆ, ਤਿੰਨ ਬਾਣੀਆ ਜਾ ਚਾਰ ਬਾਣੀਆ ਵਿਚ ਭਾਗ ਲਵੇ।

### ਸ਼ਬਦ ਗਾਇਣ ਮੁਕਾਬਲਿਆਂ ਲਈ ਨਿਯਮ :

1. ਸ਼ਬਦ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਣੀ ਤੇ ਗੁਰੂ ਗੋਬਿੰਦ ਸਿੰਘ ਜੀ ਦੀ ਰਚਿਤ ਬਾਣੀ ਵਿੱਚੋ ਹੋਣੇ ਚਾਹੀਦੇ ਹਨ।
2. ਸ਼ਬਦ ਕਿਸੇ ਹੋਰ ਸ਼ਬਦ ਦੀ ਰਿਕਾਰਡ ਹੋਈ ਤਰਜ ਤੇ ਤਾ ਗਾਇਆ ਜਾ ਸਕਦਾ ਹੈ। ਪਰ ਕਿਸੇ ਫਿਲਮੀ ਗਾਣੇ/ਗੀਤ/ ਗਜਲ ਦੀ ਤਰਜ਼ ਤੇ ਗਾਉਣ ਦੀ ਮਨਾਹੀ ਹੈ
3. ਹਰ ਸ਼ਬਦ ਨੂੰ ਗਾਉਣ ਦਾ ਸਮਾ ਵੱਧ ਤੋਂ ਵੱਧ 7 ਮਿੰਟ ਹੋਵੇਗਾ।
4. ਗਰੁੱਪ ਸ਼ਬਦ ਵਿੱਚ 5 ਤੋਂ 7 (ਸਾਜਿੰਦਿਆ ਸਮੇਤ) ਗਾਇਕ ਹੋ ਸਕਦੇ ਹਨ।
5. ਪਹਿਲੇ, ਦੂਜੇ ਤੇ ਤੀਜੇ ਸਥਾਨ ਤੇ ਰਹਿਣ ਵਾਲੇ ਗਰੁੱਪ ਸ਼ਬਦ ਗਾਇਕਾ ਨੂੰ ਇਨਾਮ ਦਿੱਤੇ ਜਾਣਗੇ।
6. ਪਹਿਲੇ, ਦੂਜੇ ਤੇ ਤੀਜੇ ਸਥਾਨ ਤੇ ਰਹਿਣ ਵਾਲੇ ਵਿਅਕਤੀਗਤ ਸ਼ਬਦ ਗਾਇਕਾ ਨੂੰ ਵੀ ਇਨਾਮ ਦਿੱਤੇ ਜਾਣਗੇ।

**ਸ: ਜਸਪਾਲ ਸਿੰਘ ਜੀ ਹਿੰਦੁਸਤਾਨ ਰੈਫਰੀਜਰੇਸ਼ਨ ਦਿੱਲੀ ਵਾਲੇ ਜੇਤੂਆਂ ਨੂੰ ਇਨਾਮਾਂ ਦੀ ਵੰਡ ਕਰਨਗੇ।**

- ਭਾਗ ਲੈਣ ਵਾਲਿਆ ਨੂੰ ਨਿਸ਼ਚਿਤ ਪ੍ਰਵੇਸ਼ ਫਾਰਮ ਭਰ ਕੇ ਮਿਤੀ 10 ਜਨਵਰੀ 2009 ਤੱਕ ਭੇਜਣਾ ਜਰੂਰੀ ਹੋਵੇਗਾ।
- ਮੁਕਾਬਲੇ ਦੇ ਮੁੱਖ ਪ੍ਰੀਖਿਅਕ ਸ੍ਰੀਮਾਨ ਮਹੰਤ ਭਾਈ ਕਾਹਨ ਸਿੰਘ ਜੀ 'ਸੇਵਾ ਪੰਥੀ' ਹੋਣਗੇ।
- ਜੱਜਾ ਦਾ ਫੈਸਲਾ ਅੰਤਿਮ ਹੋਵੇਗਾ। ❁ ਰਿਹਾਇਸ਼ ਅਤੇ ਲੰਗਰ ਦਾ ਪ੍ਰਬੰਧ ਸੰਸਥਾ ਵੱਲੋਂ ਹੋਵੇਗਾ।
- ਪ੍ਰਵੇਸ਼ ਫਾਰਮ ਟਿਕਾਣਾ ਸਾਹਿਬ ਦੇ ਜਨਰਲ ਦਫਤਰ ਅਤੇ ਸਕੂਲ ਦਫਤਰ ਵਿੱਚ ਭੇਜੇ ਜਾਣ।

## ਪ੍ਰਾਰਥਕ :

ਚਮਨ ਸਿੰਘ 'ਚਮਨ' ਸਕੱਤਰ ਮੋਬਾ: 98140-75504 **(ਮਹੰਤ) ਕਾਹਨ ਸਿੰਘ 'ਸੇਵਾ ਪੰਥੀ' ਪ੍ਰਧਾਨ**

ਸੁਰਜਨ ਸਿੰਘ ਘੁਲਿਆਣੀ (ਐ. ਮੈਨਜਰ)

ਮੋਬਾ: 98552-06378

**ਭਾਈ ਜਗਤਾ ਜੀ ਐਜੂਕੇਸ਼ਨਲ ਕਮੇਟੀ (ਰਜਿ:)**

ਗੋਨਿਆਣਾ ਮੰਡੀ, ਜਿਲ੍ਹਾ ਬਠਿੰਡਾ (ਪੰਜਾਬ)

ਐਸ.ਟੀ.ਡੀ ਕੋਡ : 0164- ਫੋਨ ਦਫਤਰ 2262051, ਨਿਵਾਸ 2262012

## ਪ੍ਰੋਗਰਾਮ ਪ੍ਰਚਾਰ-ਯਾਤਰਾ ਜਨਵਰੀ/ਫਰਵਰੀ 2009

# ਸ੍ਰੀਮਾਨ ਮਹੰਤ ਕਾਹਨ ਸਿੰਘ ਜੀ 'ਸੇਵਾ ਪੰਥੀ'

ਟਿਕਾਣਾ ਭਾਈ ਜਗਤਾ ਜੀ ਸਾਹਿਬ, ਗੋਨਿਆਣਾ ਮੰਡੀ, ਜ਼ਿਲ੍ਹਾ ਬਠਿੰਡਾ (ਪੰਜਾਬ)
ਕੋਡ : 0164 ਫੋਨ : 2262012, 2262051,
ਮੋਬਾਇਲ : 98140-04503 (ਮਹੰਤ ਜੀ), 94631-50090 (ਮੈਨੇਜਰ ਜਗਦੇਵ ਸਿੰਘ)

| ਮਿਤੀ | ਨਗਰ | ਪਤਾ ਤੇ ਪ੍ਰੋਗਰਾਮ |
|---|---|---|
| 5-1-2009 | ਮਲੋਟ ਮੰਡੀ | ਕੀਰਤਨ ਸਮਾਗਮ (ਰਾਤ) ਗੁਰਦੁਆਰਾ ਭਾਈ ਜਗਤਾ ਜੀ ਸਾਹਿਬ, ਜੀ.ਟੀ. ਰੋਡ, ਭਾਈ ਧਰਮ ਸਿੰਘ, ਮੋਬਾ. : 98159-69535 |
| 12-1-2009 ਤੋਂ 15-1-2009 ਤੱਕ | ਗੋਨਿਆਣਾ | ਭਾਈ ਜਗਤਾ ਜੀ ਸਾਹਿਬ ਦਾ ਸਾਲਾਨਾ ਯੱਗ ਸਮਾਗਮ, ਸ੍ਰੀਮਾਨ ਮਹੰਤ ਭਾਈ ਆਸਾ ਸਿੰਘ ਜੀ ਦੀ ਸਾਲਾਨਾ ਯਾਦ ਤੇ ਸੱਚਖੰਡਵਾਸੀ ਮਹੰਤ ਤੀਰਥ ਸਿੰਘ ਜੀ ਦੀ ਪਹਿਲੀ ਬਰਸੀ. |
| 20-1-2009 | ਦਿੱਲੀ | (ਪਹੁੰਚ) ਸ੍ਰ: ਗੁਰਚਰਨ ਸਿੰਘ ਦੇ ਗ੍ਰਹਿ L-98, ਕੀਰਤੀ ਨਗਰ, ਫੋਨ : 25422550 |
| 22-1-2009 ਤੋਂ 24-1-2009 ਤੱਕ | ਮੁੰਬਈ | ਸ੍ਰੀ ਅਖੰਡ ਪਾਠ ਸਾਹਿਬ. ਸ: ਤੇਜਿੰਦਰਪਾਲ ਸਿੰਘ ਆਨੰਦ, 141, ਸਦੇਸ਼ ਬਿਲਡਿੰਗ, ਸ਼ੇਰੇ ਪੰਜਾਬ ਸੁਸਾਇਟੀ, ਤੀਜੀ ਮੰਜਿਲ, ਮਹਾਕਾਲੀ ਕੇਵਜ਼ ਰੋਡ, ਅੰਧੇਰੀ (ਈਸਟ), ਮੁੰਬਈ - 93<br>(1) Sh. Asa Nand Mohan Lal Makkar 1, Rajnigandha Talmik Road, Saraswati Colony, Santacruz (w), Mumbai-54 Ph. 26600075, 26606444<br>(2) S. Pritpal Singh Smt. Balwant Kaur Mobile : 09869568388 Ph. 26600703, 26603656<br>(3) S. Pardaman Singh Ph. 26052273<br>(4) S. Tarlochan Singh Sethi Ph. 25541852, 25543157, 255546146 |
| 7-2-2009 ਤੋਂ 8-2-2009 ਤੱਕ | ਦਿੱਲੀ | ਸਾਲਾਨਾ ਸਮਾਗਮ, ਸੇਵਾ ਪੰਥੀ ਟਿਕਾਣਾ ਭਾਈ ਆਇਆ ਰਾਮ ਜੀ ਗੁਰਦੁਆਰਾ ਟਿਕਾਣਾ ਸਾਹਿਬ 27/41, ਪੰਜਾਬੀ ਬਾਗ ਫੋਨ: 25224590, 25227270, 25227271 |

ਟਿਕਾਣਾ ਸਾਹਿਬ ਦੀ ਵੈਬਸਾਈਟ : www.sewapanthi.com ਲਾਂਚ ਹੋ ਚੁੱਕੀ ਹੈ। ਇਸ ਸਾਈਟ ਰਾਹੀ ਸ਼ਰਧਾਲੂ ਸੇਵਾ ਜੋਤੀ ਮੈਗਜ਼ੀਨ ਤੇ ਟਿਕਾਣਾ ਸਾਹਿਬ ਨਾਲ ਸੰਬਧਿਤ ਹਰ ਕਿਸਮ ਦੀ ਜਾਣਕਾਰੀ ਤੇ ਸੇਵਾਪੰਥੀ ਮਹਾਂਪੁਰਸ਼ਾਂ ਦੇ ਜੀਵਨ ਤੇ ਇਤਿਹਾਸ ਬਾਰੇ ਜਾਣਕਾਰੀ ਲੈ ਸਕਦੇ ਹਨ। ਇਸ ਰਾਹੀਂ ਸਾਧ ਸੰਗਤ ਆਪਣੇ ਕੀਮਤੀ ਸੁਝਾਅ ਰੱਖ ਸਕਦੇ ਹਨ ਬਾਬਾ ਜੀ ਨਾਲ ਹਰ ਤਰ੍ਹਾਂ ਸੰਪਰਕ ਰੱਖ ਸਕਦੇ ਹਨ।

(ਇੰਟਰਨੈਟ ਇੰਚਾਰਜ ਗੋਪਾਲ ਮੋਗਾ)

# ਸੁਖਮਨੀ ਸਾਹਿਬ

- ਮਹੰਤ ਕਾਹਨ ਸਿੰਘ 'ਸੇਵਾ ਪੰਥੀ'

ਲੜੀ ਜੋੜਨ ਲਈ ਪਿਛਲੇ ਮਹੀਨੇ ਦਾ ਅੰਕ ਪੜ੍ਹੋ ।

ਨੀਕੀ ਕੀਰੀ ਮਹਿ ਕਲ ਰਾਖੈ ॥
ਭਸਮ ਕਰੈ ਲਸਕਰ ਕੋਟਿ ਲਾਖੈ ॥
ਜਿਸ ਕਾ ਸਾਸੁ ਨ ਕਾਢਤ ਆਪਿ ॥
ਤਾ ਕਉ ਰਾਖਤ ਦੇ ਕਰਿ ਹਾਥ ॥
ਮਾਨਸ ਜਤਨ ਕਰਤ ਬਹੁ ਭਾਤਿ ॥
ਤਿਸ ਕੇ ਕਰਤਬ ਬਿਰਥੇ ਜਾਤਿ ॥
ਮਾਰੈ ਨ ਰਾਖੈ ਅਵਰੁ ਨ ਕੋਇ ॥
ਸਰਬ ਜੀਆ ਕਾ ਰਾਖਾ ਸੋਇ ॥
ਕਾਹੇ ਸੋਚ ਕਰਹਿ ਰੇ ਪ੍ਰਾਣੀ ॥
ਜਪਿ ਨਾਨਕ ਪ੍ਰਭ ਅਲਖ ਵਿਡਾਣੀ ॥ ੫॥

ਨੀਕੀ ਕੀਰੀ ਮਹਿ ਕਲ ਰਾਖੈ ॥

ਭਸਮ ਕਰੈ ਲਸਕਰ ਕੋਟਿ ਲਾਖੈ ॥

ਅਰਥ: ਇਸ ਪਉੜੀ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਉਹ ਪ੍ਰਭੂ ਪ੍ਰਮਾਤਮਾ ਜੋ ਸਰਬ ਸ਼ਕਤੀਮਾਨ ਹੈ ਉਸ ਦੀ ਮਹਿਮਾ ਕਰਦੇ ਹੋਏ ਦੱਸਦੇ ਹਨ ਕਿ ਜੇ ਕਰ ਉਹ ਪ੍ਰਮਾਤਮਾ ਇੱਕ ਨਿੱਕੀ ਜਿਹੀ ਕੀੜੀ ਵਿੱਚ ਆਪਣੀ ਸ਼ਕਤੀ ਰੱਖ ਦੇਵੇ ਤਾਂ ਉਹ ਲੱਖਾਂ ਕ੍ਰੋੜਾਂ ਫੌਜਾਂ ਨੂੰ ਨਾਸ਼ ਕਰ ਸਕਦੀ ਹੈ ਭਾਵ ਉਹ ਪ੍ਰਮਾਤਮਾ ਆਪਣੀ ਨਿੰਮ੍ਰਤਾ ਵਾਲੀ ਬ੍ਰਹਮਕਾਰ ਬਿਰਤੀ ਜਿਸ ਮਨੁੱਖ ਦੇ ਅੰਦਰ ਕਰ ਦੇਵੇ ਤਾਂ ਲੱਖਾਂ ਕ੍ਰੋੜਾਂ ਫੌਜਾਂ ਜੋ ਸੰਸਾਰ ਰੂਪ ਹੈ ਉਸ ਨੂੰ ਨਿਸ਼ਚੇ ਰੂਪ ਵਿੱਚ ਭਸਮ ਕਰ ਸਕਦਾ ਹੈ ।

ਜਿਸ ਕਾ ਸਾਸੁ ਨ ਕਾਢਤ ਆਪਿ ॥

ਤਾ ਕਉ ਰਾਖਤ ਦੇ ਕਰਿ ਹਾਥ ॥

ਅਰਥ : ਜੇਕਰ ਉਹ ਪ੍ਰਮਾਤਮਾ ਜਿਸ ਜੀਵ ਦਾ ਸੁਆਸ ਆਪ ਨਾ ਕੱਢਣਾ ਚਾਹੇ ਭਾਵ ਉਸ ਨੂੰ ਨਾ ਮਾਰਨਾ ਚਾਹੇ ਉਸ ਜੀਵ ਉੱਤੇ ਕਿੰਨੇ ਦੁੱਖ ਆ ਜਾਣ ਉਸ ਜੀਵ ਨੂੰ ਪ੍ਰਭੂ ਆਪ ਹੱਥ ਦੇ ਕੇ ਰੱਖ ਲੈਂਦਾ ਹੈ ।

ਮਾਨਸ ਜਤਨ ਕਰਤ ਬਹੁ ਭਾਤਿ ॥

ਤਿਸ ਕੇ ਕਰਤਬ ਬਿਰਥੇ ਜਾਤਿ ॥

ਅਰਥ : ਅੱਗੇ ਮਹਾਰਾਜ ਕਹਿੰਦੇ ਹਨ ਜੇਕਰ ਮਨੁੱਖ ਆਪ ਆਪਣੀ ਜਾਨ ਬਚਾਉਣ ਦਾ ਯਤਨ ਕਰੇ ਤਾਂ ਉਸ ਪ੍ਰਭੂ ਦੀ ਮਰਜੀ ਤੋਂ ਬਿਨਾਂ ਉਸ ਦੇ ਸਭ ਯਤਨ ਬਿਰਥੇ ਜਾਂਦੇ ਹਨ ।

ਮਾਰੈ ਨ ਰਾਖੈ ਅਵਰੁ ਨ ਕੋਇ ॥

ਸਰਬ ਜੀਆ ਕਾ ਰਾਖਾ ਸੋਇ ॥

ਅਰਥ : ਉਸ ਪ੍ਰਮਾਤਮਾ ਦੀ ਮਰਜੀ ਤੋਂ ਬਿਨਾਂ ਨਾ ਕੋਈ ਕਿਸੇ ਜੀਵ ਨੂੰ ਮਾਰ ਸਕਦਾ ਹੈ ਅਤੇ ਨਾ ਹੀ ਰੱਖ ਸਕਦਾ ਹੈ ਸਾਰਿਆਂ ਜੀਵਾਂ ਦੀ ਰੱਖਿਆ ਕਰਨ ਵਾਲਾ ਉਹ ਆਪ ਹੀ ਹੈ ।

ਕਾਹੇ ਸੋਚ ਕਰਹਿ ਰੇ ਪ੍ਰਾਣੀ ॥

ਜਪਿ ਨਾਨਕ ਪ੍ਰਭ ਅਲਖ ਵਿਡਾਣੀ ॥ ੫॥

ਅਰਥ : ਅਖ਼ੀਰ ਵਿੱਚ ਮਹਾਰਾਜ ਕਹਿੰਦੇ ਹਨ ਕਿ ਹੇ ਜੀਵ ਤੂੰ ਕਿਸ ਵਾਸਤੇ ਸੋਚ ਫ਼ਿਕਰ ਕਰਦਾ ਹੈ ਜੋ ਪ੍ਰਭੂ ਦਾ ਅਲਖ ਵਿਡਾਣੀ (ਅਸਚਰਜ) ਰੂਪ ਹੈ ਆਪਣੀ ਮਨ ਬੁੱਧੀ ਤੋਂ ਪਰੇ ਹੈ ਉਸ ਨੂੰ ਸਿਮਰਣਾ ਕਰ । (ਚਲਦਾ)

੧ੴ ਸਤਿਗੁਰ ਪ੍ਰਸਾਦਿ ॥

# ਗਉੜੀ ਬਾਵਨ ਅਖਰੀ ਮਹਲਾ-੫

- ਮਹੰਤ ਕਾਹਨ ਸਿੰਘ 'ਸੇਵਾ ਪੰਥੀ'

- ਲੜੀ ਜੋੜਨ ਲਈ ਪਿਛਲੇ ਮਹੀਨੇ ਦਾ ਅੰਕ ਪੜ੍ਹੋ ।

ਸਲੋਕੁ ॥

ਯਾਰ ਮੀਤ ਸੁਨਿ ਸਾਜਨਹੁ ਬਿਨੁ ਹਰਿ ਛੂਟਨੁ ਨਾਹਿ ॥
ਨਾਨਕ ਤਿਹ ਬੰਧਨ ਕਟੇ ਗੁਰ ਕੀ ਚਰਨੀ ਪਾਹਿ ॥੧॥

ਪਉੜੀ ॥

ਯਯਾ ਜਤਨ ਕਰਤ ਬਹੁ ਬਿਧੀਆ॥
ਏਕ ਨਾਮ ਬਿਨੁ ਕਹ ਲਉ ਸਿਧੀਆ॥
ਯਾਹੂ ਜਤਨ ਕਰਿ ਹੋਤ ਛੁਟਾਰਾ॥
ਉਆਹੂ ਜਤਨ ਸਾਧ ਸੰਗਾਰਾ॥
ਯਾ ਉਬਰਨ ਧਾਰੈ ਸਭੁ ਕੋਊ॥
ਉਆਹਿ ਜਪੇ ਬਿਨੁ ਉਬਰ ਨ ਹੋਊ॥
ਯਾਹੂ ਤਰਨ ਤਾਰਨ ਸਮਰਾਥਾ॥
ਰਾਖਿ ਲੇਹੁ ਨਿਰਗੁਨ ਨਰ ਨਾਥਾ॥
ਮਨ ਬਚ ਕ੍ਰਮ ਜਿਹ ਆਪਿ ਜਨਾਈ॥
ਨਾਨਕ ਤਿਹ ਮਤਿ ਪ੍ਰਗਟੀ ਆਈ॥੪੩॥

॥ ਸਲੋਕੁ ॥

ਯਾਰ ਮੀਤ ਸੁਨਿ ਸਾਜਨਹੁ ਬਿਨੁ ਹਰਿ ਛੂਟਨੁ ਨਾਹਿ ॥
ਨਾਨਕ ਤਿਹ ਬੰਧਨ ਕਟੇ ਗੁਰ ਕੀ ਚਰਨੀ ਪਾਹਿ ॥੧॥

**ਪਦ-ਅਰਥ:** ਛੂਟਨੁ-ਮਾਇਆ ਦੇ ਬੰਧਨਾਂ ਤੋਂ ਖਲਾਸੀ, ਤਿਹ-ਉਹਨਾਂ ਦੇ ਪਾਹਿ-ਪੈਂਦੇ ਹਨ ।

**ਅਰਥ :** ਹੇ ਸੱਜਣੋ ! ਹੇ ਮਿੱਤਰੋ ! ਸੁਣੋ ਪਰਮਾਤਮਾ ਦਾ ਨਾਮ ਜਪਣ (ਸਿਮਰਨ) ਤੋਂ ਬਿਨਾਂ ਮਾਇਆ ਦੇ ਬੰਧਨਾਂ ਤੋਂ ਖਲਾਸੀ ਨਹੀ ਹੁੰਦੀ । ਗੁਰੂ ਨਾਨਕ ਜੀ ਫ਼ਰਮਾਂਉਦੇ ਹਨ ਜਿਹੜੇ ਮਨੁੱਖ ਗੁਰੂ ਦੇ ਚਰਨੀ ਪੈਂਦੇ ਹਨ ਉਹਨਾਂ ਦੇ (ਮਾਇਆ ਦੇ

ਮੋਹ ਦੇ) ਬੰਧਨ ਕੱਟੇ ਜਾਂਦੇ ਹਨ।

ਪਉੜੀ

ਯਯਾ ਜਤਨ ਕਰਤ ਬਹੁ ਬਿਧੀਆ ॥

ਏਕ ਨਾਮ ਬਿਨੁ ਕਹ ਲਉ ਸਿਧੀਆ ॥

ਅਰਥ : ਮਨੁੱਖ ਮਾਇਆ ਕੇ ਬੰਧਨਾ ਤੋਂ ਮੁਕਤ ਹੋਣ ਲਈ ਕਈ ਤਰ੍ਹਾਂ ਦੇ ਯਤਨ ਕਰਦਾ ਹੈ ਪਰ ਪਰਮਾਤਮਾ ਦਾ ਨਾਮ ਜਪਣ ਤੋਂ ਬਿਨਾਂ ਬਿਲਕੁਲ ਸਫਲ ਨਹੀ ਹੋ ਸਕਦਾ।

ਯਾਹੂ ਜਤਨ ਕਰਿ ਹੋਤ ਛੁਟਾਰਾ ॥

ਉਆਹੂ ਜਤਨ ਸਾਧ ਸੰਗਾਰਾ ॥

ਅਰਥ : ਜਿਹੜੇ ਜਤਨਾਂ ਨਾਲ ਖਲਾਸੀ ਹੋ ਸਕਦੀ ਹੈ ਉਹ ਜਤਨ ਇਹੀ ਹਨ ਕਿ ਸਾਧ ਗੁਰੂ ਦੀ ਸੰਗਤਿ ਕਰੋ।

ਯਾ ਉਬਰਨ ਧਾਰੈ ਸਭੁ ਕੋਊ ॥

ਉਆਹਿ ਜਪੇ ਬਿਨੁ ਉਬਰ ਨ ਹੋਊ ॥

ਅਰਥ : ਹਰ ਕੋਈ ਮਾਇਆ ਦੇ ਬੰਧਨਾ ਤੋਂ ਬਚਨ ਦੇ ਉਪਰਾਲੇ ਆਪਣੇ ਮਨ ਵਿੱਚ ਧਾਰਦਾ ਹੈ, ਪਰ ਉਸ ਪ੍ਰਭੂ ਦਾ ਨਾਮ ਜਪਣ ਤੋਂ ਬਿਨਾਂ ਮੁਕਤੀ ਹੋ ਹੀ ਨਹੀ ਸਕਦੀ।

ਯਾਹੂ ਤਰਨ ਤਾਰਨ ਸਮਰਾਥਾ॥

ਰਾਖਿ ਲੇਹੁ ਨਿਰਗੁਨ ਨਰ ਨਾਥਾ॥

ਅਰਥ : ਹੇ ਭਾਈ ! ਪ੍ਰਭੂ-ਦਰ ਤੇ ਅਰਦਾਸ ਹੀ ਕਰਨੀ ਚਾਹੀਦੀ ਹੈ ਕਿ ਹੇ ਜੀਵਾਂ ਦੇ ਨਾਥ' ਸਾਨੂੰ ਗੁਣ-ਹੀਨਾਂ ਨੂੰ ਬਚਾ ਲੈ, ਤੂੰ ਆਪ ਹੀ ਜੀਵਾਂ ਨੂੰ (ਸੰਸਾਰ ਸਮੁੰਦਰ ਵਿੱਚੋਂ) ਤਾਰਨ ਲਈ ਜਹਾਜ ਹੈਂ ਤੂੰ ਹੀ ਤਾਰਨ ਲਈ ਸਮਰੱਥ ਹੈਂ।

ਮਨ ਬਚ ਕ੍ਰਮ ਜਿਹ ਆਪਿ ਜਨਾਈ ॥

ਨਾਨਕ ਤਿਹ ਮਤਿ ਪ੍ਰਗਟੀ ਆਈ ॥ ੪੩॥

ਅਰਥ : ਨਾਨਕ ਗੁਰੂ ਜੀ ਫਰਮਾਉਦੇ ਹਨ ਜਿਨ੍ਹਾਂ ਮਨੁੱਖਾਂ ਦੇ ਮਨ ਵਿੱਚ ਬਚਨਾਂ ਵਿੱਚ ਤੇ ਕਰਮਾਂ ਵਿੱਚ ਪ੍ਰਭੂ ਆਪ (ਮਾਇਆਂ ਦੇ ਮੋਹ ਤੋਂ ਬਚਨ ਵਾਲੀ) ਸੂਝ ਪੈਦਾ ਕਰਦਾ ਹੈ। ਉਹਨਾਂ ਦੀ ਮਤਿ ਉੱਜਲ ਹੋ ਜਾਂਦੀ ਹੈ ਤੇ ਉਹ ਬੰਧਨਾਂ ਤੋਂ ਮੁਕਤ ਹੋ ਜਾਂਦੇ ਹਨ।

(ਚਲਦਾ)

ਅਣਖ, ਗੌਰਵ ਤੇ ਚੜ੍ਹਦੀਕਲਾ ਦੇ ਪ੍ਰਤੀਕ

# ਗੁਰੂ ਗੋਬਿੰਦ ਸਿੰਘ

ਡਾ. ਹਰਚੰਦ ਸਿੰਘ ਸਰਹਿੰਦੀ
(ਸ਼੍ਰੋਮਣੀ ਸਾਹਿਤਕਾਰ ਐਵਾਰਡੀ)

ਗੁਰੂ ਗੋਬਿੰਦ ਸਿੰਘ ਜੀ ਦੀ ਅਦੁੱਤੀ ਸ਼ਖ਼ਸੀਅਤ ਬਹੁਤ ਸਾਰੇ ਗੁਣਾਂ ਦਾ ਸੁਮੇਲ ਸੀ । ਉਨ੍ਹੀਵੀਂ ਸਦੀ ਦਾ ਪ੍ਰਸਿੱਧ ਇਤਿਹਾਸਕਾਰ ਸੱਯਦ ਮੁਹੰਮਦ ਲਤੀਫ਼ ਲਿਖਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਜੰਗ ਦੇ ਮੈਦਾਨ ਵਿੱਚ ਇੱਕ ਜੇਤੂ ਯੋਧਾ, ਮਸਨਦ ਉੱਤੇ ਸ਼ਹਿਨਸ਼ਾਹ, ਗੁਰੂ ਰੂਪ ਵਿੱਚ ਗਿਆਨ ਦਾ ਦਾਤਾ ਅਤੇ ਖ਼ਾਲਸੇ ਦੀ ਸੰਗਤ ਵਿੱਚ ਫ਼ਕੀਰ ਸੀ । ਗੱਲ ਕੀ, ਗੁਰੂ ਸਾਹਿਬ ਵਿੱਚ ਇੱਕੋ ਸਮੇਂ ਅਧਿਆਤਮਿਕ ਨੇਤਾ, ਉੱਚ ਕੋਟੀ ਦੇ ਸੰਗਠਨ ਕਰਤਾ, ਜਮਾਂਦਰੂ ਸੈਨਾ ਨਾਇਕ, ਪ੍ਰਤਿਭਾਸ਼ਾਲੀ ਵਿਦਵਾਨ ਅਤੇ ਸੱਚੇ ਸੁਧਾਰਕ ਦੇ ਗੁਣ ਵਿਦਮਾਨ ਸਨ । ਸ਼ਾਇਦ ਹੀ ਕੋਈ ਅਜਿਹੀ ਇਨਸਾਨੀ ਖ਼ੂਬੀ ਹੋਵੇ ਜੋ ਉਨ੍ਹਾਂ ਦੀ ਸ਼ਖ਼ਸੀਅਤ ਦੇ ਵਿਸ਼ਾਲ ਘੇਰੇ ਵਿੱਚ ਨਾ ਆਉਂਦੀ ਹੋਵੇ । ਤਾਹੀਓਂ ਗੁਰੂ ਸਾਹਿਬ ਦੀ ਨਿਰਾਲੀ ਸ਼ਖ਼ਸੀਅਤ ਨੂੰ ਸਾਧੂ ਟੀ. ਐਲ. ਵਾਸਵਾਨੀ ਨੇ 'ਸਤਰੰਗੀ ਪੀਘ' ਨਾਲ ਤੁਲਨਾ ਦਿੱਤੀ ਹੈ ।

ਗੁਰੂ ਗੋਬਿੰਦ ਸਿੰਘ ਜੀ ਦੀ ਵਿਲੱਖਣ ਤੇ ਬਹੁ-ਪੱਖੀ ਸ਼ਖ਼ਸੀਅਤ ਨੂੰ ਕਲਮ ਦੀ ਬੰਦਿਸ਼ ਵਿੱਚ ਲਿਆਉਣਾ ਇੱਕ ਬੜਾ ਕਠਿਨ ਕੰਮ ਹੈ, ਕਿਉਂਕਿ ਹਰ ਲੇਖਕ/ਕਵੀ ਦੀ ਆਪਣੀ ਇੱਕ ਸੀਮਾ ਹੁੰਦੀ ਹੈ ।
ਅੱਲ੍ਹਾ ਯਾਰ ਖ਼ਾਂ ਜੋਗੀ ਵਰਗਾ ਉਸਤਾਦ ਸ਼ਾਇਰ ਵੀ ਗੁਰੂ ਸਾਹਿਬ ਦੀ ਬਹੁ-ਪੱਖੀ ਸ਼ਖ਼ਸੀਅਤ ਨੂੰ ਬਿਆਨ ਕਰਨ ਲਈ ਸ਼ਬਦਾਂ ਦੀ ਘਾਟ ਮਹਿਸੂਸ ਕਰਦਾ ਹੈ ਅਤੇ ਆਪਣੀ ਸਮਰੱਥਾ 'ਤੇ ਸ਼ੱਕ ਕਰਦਾ ਹੋਇਆ ਲਿਖਦਾ ਹੈ :

ਕਰਤਾਰ ਕੀ ਸੌਗੰਧ, ਨਾਨਕ ਦੀ ਕਸਮ ਹੈ ।
ਜਿਤਨੀ ਭੀ ਹੋ ਗੋਬਿੰਦ ਕੀ ਤਾਰੀਫ਼ ਵੋਹ ਕਮ ਹੈ ।
ਹਰ ਚੰਦ ਮੇਰੇ ਹਾਥ ਮੇਂ ਪੁਰਜ਼ੋਰ ਕਲਮ ਹੈ ।
ਸਤਿਗੁਰੂ ਕੇ ਲਿਖੂੰ ਵਸਫ਼ ਕਹਾਂ ਤਾਬਿ ਰਕਮ ਹੈ ।

ਦਰਅਸਲ, ਗੁਰੂ ਸਾਹਿਬ ਬਾਰੇ ਲਿਖਣ ਵਾਲਾ ਲੱਗਭੱਗ ਹਰ ਲੇਖਕ/ਕਵੀ, ਗੁਰੂ ਜੀ ਦੀ ਸ਼ਖ਼ਸੀਅਤ ਦੇ ਉਨ੍ਹਾਂ ਪੱਖਾਂ ਨੂੰ ਹੀ ਉਘਾੜਦਾ ਹੈ, ਜਿਹੜੇ ਪੱਖ ਉਸ ਦੇ ਮਨ 'ਤੇ ਡੂੰਘਾ ਪ੍ਰਭਾਵ ਛੱਡਦੇ ਹਨ ।

ਉਂਝ ਤਾਂ ਗੁਰੂ ਸਾਹਿਬ ਬਹੁ-ਪੱਖੀ ਵਡਿਆਈ ਦੇ ਮਾਲਕ ਹਨ । ਪਰ ਜੇਕਰ ਉਨ੍ਹਾਂ ਦੀ ਸ਼ਖ਼ਸੀਅਤ ਨੂੰ ਬਹੁਤ ਹੀ ਸੰਖੇਪ ਵਿੱਚ ਬਿਆਨ ਕਰਨਾ ਹੋਵੇ ਤਾਂ ਕਹਿ ਸਕਦੇ ਹਾਂ ਕਿ ਗੁਰੂ ਗੋਬਿੰਦ ਸਿੰਘ ਜੀ ਇੱਕੋ ਸਮੇਂ ਬਾਦਸ਼ਾਹ ਤੇ ਦਰਵੇਸ਼ ਅਤੇ ਸੰਤ ਤੇ ਸਿਪਾਹੀ ਹਨ । ਇਹ ਗੱਲ ਵੱਖਰੀ ਹੈ ਕਿ ਸਿੱਖ ਆਪਣੇ ਮਹਾਨ ਨਾਇਕ ਨੂੰ ਸੰਤ ਨਾਲੋਂ ਸਿਪਾਹੀ ਵਜੋਂ ਵੱਧ ਮਹਾਨਤਾ ਦਿੰਦੇ ਹਨ । ਤਾਹੀਓਂ ਸਿੱਖਾਂ ਤੇ ਗ਼ੈਰ-ਸਿੱਖਾਂ ਨੇ ਵੀ ਉਨ੍ਹਾਂ ਨੂੰ ਯੁੱਧ ਦੇ ਮੈਦਾਨ ਨੂੰ ਜਾਂਦੇ ਹੀ ਚਿੱਤਰਿਆ ਹੈ, ਘੋੜੇ 'ਤੇ ਸਵਾਰ ਅਤੇ ਹੱਥ ਵਿੱਚ ਤਲਵਾਰ ਹੈ । ਵੈਸੇ, ਗੁਰੂ ਗੋਬਿੰਦ ਸਿੰਘ ਜੀ ਦੇ ਕੱਦ-ਕਾਠ ਨੂੰ ਕੇਵਲ ਉਨ੍ਹਾਂ ਦੀਆਂ ਜੰਗੀ ਪ੍ਰਾਪਤੀਆਂ ਦੇ ਗਜ਼ ਨਾਲ ਨਹੀਂ ਮਾਪਿਆ ਜਾ ਸਕਦਾ, ਕਿਉਂਕਿ ਉਨ੍ਹਾਂ ਦੀਆਂ ਪ੍ਰਾਪਤੀਆਂ ਸਰਬ-ਪੱਖੀ ਹਨ । ''ਗੁਰੂ ਗੋਬਿੰਦ ਸਿੰਘ ਜੀ ਹਰ ਪੱਖ ਤੋਂ ਇੱਕ ਮਹਾਨ ਵਿਅਕਤੀ ਸਨ, ਜਿਨ੍ਹਾਂ ਨੇ ਸਿਰਫ਼ 42 ਸਾਲਾਂ ਦੇ ਆਪਣੇ ਜੀਵਨ-ਕਾਲ (1666-1708ਈ:) ਦੌਰਾਨ ਵੱਡੀਆਂ ਮੱਲਾਂ ਮਾਰੀਆਂ । ਉਨ੍ਹਾਂ ਨੇ ਉੱਤਰੀ ਭਾਰਤ ਦੀ, ਪੂਰੀ ਦੀ ਪੂਰੀ, ਤਵਾਰੀਖ਼, ਹੀ ਬਦਲ ਕੇ ਰੱਖ ਦਿੱਤੀ '' -ਖੁਸ਼ਵੰਤ ਸਿੰਘ ।

ਗੱਲ ਕੀ, ਗੁਰੂ ਗੋਬਿੰਦ ਸਿੰਘ ਜੀ ਸਮੇਂ ਦੀ ਹਿੱਕ 'ਤੇ ਕਦੇ ਨਾ-ਮਿਟਣ ਵਾਲੀਆਂ ਪੈੜਾਂ ਪਾ ਗਏ ਹਨ । ਜਿਨ੍ਹਾਂ ਤੋਂ ਆਉਣ ਵਾਲੀਆਂ ਨਸਲਾਂ

ਸੇਧ ਲੈਂਦੀਆਂ ਰਹਿਣਗੀਆਂ । ਇਹੋ ਕਾਰਨ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਪੰਜਾਬ ਦੇ ਇਤਿਹਾਸ ਦੇ ਸਭ ਤੋਂ ਮਹਾਨ ਅਤੇ ਆਕਰਸ਼ਕ ਵਿਅਕਤੀਆਂ ਵਿੱਚੋਂ ਪ੍ਰਮੁੱਖ ਮੰਨੇ ਜਾਂਦੇ ਹਨ । ''ਨਿਰਸੰਦੇਹ, ਗੁਰੂ ਗੋਬਿੰਦ ਸਿੰਘ ਜੀ ਦੀ ਸਭ ਯੁੱਗਾਂ ਦੇ ਸਭ ਤੋਂ ਮਹਾਨ ਭਾਰਤੀਆਂ ਵਿੱਚ ਗਿਣਤੀ ਕੀਤੀ ਜਾਣੀ ਚਾਹੀਦੀ ਹੈ।'' ਡਾ. ਇੰਦੂਭੂਸ਼ਨ ਬੈਨਰਜੀ ।

ਬੇਸ਼ੱਕ ਗੁਰੂ ਸਾਹਿਬ ਬਾਰੇ ਲਿਖਣ ਵਾਲਿਆਂ ਨੇ ਗੁਰੂ ਸਾਹਿਬ ਦੀ ਸ਼ਖ਼ਸੀਅਤ ਦੇ ਵੱਖ-ਵੱਖ ਪਹਿਲੂਆਂ 'ਤੇ ਭਰਪੂਰ ਰੌਸ਼ਨੀ ਪਾਈ ਹੈ, ਫਿਰ ਵੀ ਗੁਰੂ ਸਾਹਿਬ ਦੀ ਸ਼ਖ਼ਸੀਅਤ ਦੇ ਕੁਝ ਪਹਿਲੂ, ਜਾਣੇ-ਅਣਜਾਣੇ, ਅਣਗੌਲੇ ਹੀ ਰਹਿ ਗਏ ਹਨ । ਲੇਖਕ ਨੇ ਆਪਣੇ ਅਧਿਐਨ ਦੌਰਾਨ ਇਹ ਗੱਲ ਨੋਟ ਕੀਤੀ ਹੈ ਕਿ ਗੁਰੂ ਸਾਹਿਬ ਇੱਕ ਮਹਾਨ ਫ਼ਿਲਾਸਫ਼ਰ, ਮਨੋਵਿਗਿਆਨੀ ਅਤੇ ਮਨੋ-ਵਿਸ਼ਲੇਸ਼ਕ ਵੀ ਸਨ । (ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖ਼ਸੀਅਤ ਦੇ ਇਹ ਪਹਿਲੂ, ਤੁਸੀਂ ਮੇਰੇ ਨਾਲ ਸਹਿਮਤ ਹੋਵੋਗੇ, ਅਣਗੌਲੇ ਹੀ ਰਹਿ ਗਏ ਹਨ) ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ ਯੁੱਗ-ਪਲਟਾਊ ਘਟਨਾਵਾਂ ਦੀ ਕਹਾਣੀ ਹੈ । ਤੁਸੀਂ ਵੇਖੋਗੇ ਕਿ ਹਰ ਮਹੱਤਵਪੂਰਨ ਘਟਨਾ ਦਾ ਪਿੱਛੇ ਗੁਰੂ ਸਾਹਿਬ ਦੀ ਮਨੋਵਿਗਿਆਨਕ ਸੂਝ ਜਾਂ ਕੋਈ ਡੂੰਘਾ ਫ਼ਲਸਫ਼ਾ ਕੰਮ ਕਰਦਾ ਨਜ਼ਰ ਆਉਂਦਾ ਹੈ । (ਬਸ਼ਰਤੇ ਤੁਹਾਡੇ ਕੋਲ ਵੇਖਣ ਵਾਲੀ ਅੱਖ ਹੋਵੇ) ਗੁਰੂ ਸਾਹਿਬ ਦੀ ਫ਼ਿਲਾਸਫ਼ੀ, ਜੋਸ਼ ਦੇ ਨਾਲ ਹੋਸ਼ ਤੋਂ ਕੰਮ ਲੈਣ ਦੀ ਗੱਲ ਕਰਦੀ ਹੈ । ਮਿਸਾਲ ਵਜੋਂ, ਗੁਰੂ ਸਾਹਿਬ ਨੇ ਆਪਣੇ ਸੰਘਰਸ਼ਮਈ ਜੀਵਨ ਦੇ ਆਰੰਭਕ ਪੜਾਅ ਦੌਰਾਨ ਆਪਣੇ-ਆਪ ਨੂੰ, ਵਾਹ ਲਗਦੀ, ਪਹਾੜੀ ਰਾਜਿਆਂ ਨਾਲ ਛੋਟੇ-ਮੋਟੇ ਝਗੜਿਆਂ ਵਿੱਚੋ ਉਲਝਣ ਤੋਂ ਬਚਾਈ ਰੱਖਿਆ, ਕਿਉਂਕਿ ਉਹ ਅਜਿਹੇ ਝਗੜਿਆਂ ਵਿੱਚ ਆਪਣੀ ਸੈਨਿਕ ਸ਼ਕਤੀ ਨੂੰ ਕਮਜ਼ੋਰ ਨਹੀਂ ਸਨ ਕਰਨਾ ਚਾਹੁੰਦੇ, ਬਲਕਿ ਕੁੱਝ ਵਰ੍ਹਿਆਂ ਤੱਕ ਵੱਡੇ ਪੈਮਾਨੇ 'ਤੇ ਮੁਗ਼ਲਾਂ ਵਿਰੁੱਧ ਸੈਨਿਕ ਤਿਆਰੀਆ ਕਰਨਾ ਚਾਹੁੰਦੇ, ਬਲਕਿ ਕੁਝ ਵਰ੍ਹਿਆਂ ਤੱਕ ਵੱਡੇ ਪੈਮਾਨੇ, 'ਤੇ ਮੁਗ਼ਲਾਂ ਵਿਰੁੱਧ ਸੈਨਿਕ ਤਿਆਰੀਆਂ ਕਰਨਾ ਚਾਹੁੰਦੇ ਸਨ । ਸੋ, ਵਕਤ ਦੀ ਨਜ਼ਾਕਤ ਨੂੰ ਧਿਆਨ ਵਿੱਚ ਰੱਖਦਿਆਂ, ਗੁਰੂ ਸਾਹਿਬ ਆਪਣੇ ਪਰਿਵਾਰ ਤੇ ਸੈਨਿਕਾਂ ਸਹਿਤ ਨਾਹਨ ਰਿਆਸਤ ਦੇ ਇਲਾਕੇ ਵਿੱਚ ਚਲੇ ਗਏ ਅਤੇ ਪਾਉਂਟਾ ਸਾਹਿਬ ਨੂੰ ਆਪਣੀਆਂ ਸਰਗਰਮੀਆਂ ਦਾ ਕੇਂਦਰ ਬਣਾਇਆ । ਇੱਥੇ ਰਹਿੰਦਿਆਂ ਹੀ, ਸੰਨ 1688 ਈ : ਵਿੱਚ, ਭੰਗਾਣੀ ਦੀ ਜੰਗ ਲੜੀ ਅਤੇ ਪਹਾੜੀ ਰਾਜਿਆਂ ਨੂੰ ਸ਼ਕਸਤ ਦਿੱਤੀ । ਇਸ ਤਰ੍ਹਾਂ ਜੋਸ਼ ਤੇ ਹੋਸ਼ ਦਾ ਸੰਤੁਲਨ ਕਾਇਮ ਰੱਖਦਿਆਂ, ਗੁਰੂ ਸਾਹਿਬ ਨੇ ਕੇਵਲ 22 ਵਰ੍ਹਿਆਂ ਦੀ ਉਮਰ ਵਿੱਚ ਪਹਾੜੀ ਰਾਜਿਆਂ ਨੂੰ ਲੱਕ ਤੋੜਵੀਂ ਹਾਰ ਦਿੱਤੀ । ਭੰਗਾਣੀ ਦੀ ਜਿੱਤ ਤੋਂ ਬਾਅਦ ਗੁਰੂ ਸਾਹਿਬ ਨੇ ਮੁੜ ਆਨੰਦਪੁਰ ਸਾਹਿਬ ਨੂੰ ਆਪਣੀਆਂ ਸਰਗਰਮੀਆਂ ਦਾ ਮੁੱਖ ਕੇਂਦਰ ਬਣਾ ਲਿਆ ਅਤੇ ਮੌਕੇ ਤੋਂ ਲਾਭ ਉਠਾਉਂਦਿਆਂ, ਆਨੰਦਪੁਰ ਸਾਹਿਬ (ਜਿਸ ਦਾ ਨਾਂ ਉਦੋਂ ਮਾਖੋਵਾਲ ਸੀ) ਵਿਖੇ ਆਨੰਦਗੜ੍ਹ, ਕੇਸਗੜ੍ਹ, ਲੋਹਗੜ੍ਹ, ਫ਼ਤਹਿਗੜ੍ਹ ਅਤੇ ਹੋਲਗੜ੍ਹ ਨਾਮੀ ਪੰਜ ਕਿਲ੍ਹਿਆਂ ਦੀ ਉਸਾਰੀ ਕਰਵਾਈ । ਗੁਰੂ ਸਾਹਿਬ ਏਨੀ ਤੀਖਣ ਬੁੱਧੀ ਦੇ ਮਾਲਕ ਸਨ ਕਿ ਉਨ੍ਹਾਂ ਨੇ ਹੱਥ ਆਏ ਕਿਸੇ ਵੀ ਅਵਸਰ ਨੂੰ ਕਦੇ ਅਜਾਂਈਂ ਨਹੀਂ ਗਵਾਇਆ ।

ਗੁਰੂ ਸਾਹਿਬ ਨੇ ਜੀਵਨ ਭਰ ਜੋਸ਼ ਦੇ ਨਾਲ ਹੋਸ਼ ਤੋਂ ਕੰਮ ਲੈਣ ਦੇ ਫ਼ਲਸਫ਼ੇ 'ਤੇ ਡਟ ਕੇ ਪਹਿਰਾ ਦਿੱਤਾ ਅੱਗੇ ਸ਼ਾਨਦਾਰ ਨਤੀਜੇ ਸਾਹਮਣੇ ਆਏ । ਨੋਟ ਕਰੋ ! ਆਪਣੇ ਜੀਵਨ ਵਿੱਚ ਲੜੀ ਆਖ਼ਰੀ ਜੰਗ (ਮੁਕਤਸਰ ਦੀ ਜੰਗ) ਤੋਂ ਬਾਅਦ ਗੁਰੂ ਸਾਹਿਬ ਨੇ ਹੋਸ਼ ਨੂੰ ਜੋਸ਼ ਉੱਤੇ ਭਾਰੂ ਰੱਖਦਿਆਂ, ਸਿੱਖ ਸ਼ਕਤੀ ਨੂੰ ਨਸ਼ਟ ਹੋਣ ਤੋਂ ਬਚਾਅ ਲਿਆ ਅਤੇ ਇਸੇ ਦੌਰਾਨ ਸਿੱਖਾਂ ਨੂੰ ਮੁਗ਼ਲਾਂ ਨਾਲ ਟੱਕਰ ਲੈਣ ਲਈ ਮਾਨਸਿਕ ਤੇ ਜਥੇਬੰਦਕ ਤੌਰ 'ਤੇ ਤਿਆਰ ਕਰਦੇ ਰਹੇ । ਫਿਰ, ਸਿੱਖ ਪੰਥ ਦੀ ਰਹਿਨਮਾਈ ਕਰਨ ਲਈ ਬੜੇ ਨਾਟਕੀ

ਢੰਗ ਨਾਲ ਬਾਬਾ ਬੰਦਾ ਸਿੰਘ ਬਹਾਦਰ ਦੀ ਚੋਣ ਕੀਤੀ ਅਤੇ ਮੁਗ਼ਲਾਂ ਨਾਲ ਸਾਹਮਣਿਓਂ ਟੱਕਰ ਲੈਣ ਲਈ ਪੰਜਾਬ ਵੱਲ ਭੇਜਿਆ । ਕਮਾਲ ਦੀ ਗੱਲ ਤਾਂ ਇਹ ਹੈ ਕਿ ਗੁਰੂ ਸਾਹਿਬ ਨੇ ਬੰਦਾ ਬਹਾਦਰ ਨੂੰ ਉਸ ਸਮੇਂ ਮੈਦਾਨ ਵਿੱਚ ਉਤਾਰਿਆ ਜਦੋਂ 'ਲੋਹਾ ਗਰਮ' ਸੀ ਅਤੇ ਬੰਦਾ ਬਹਾਦਰ ਦੀ 'ਇੱਕੋ ਸੱਟ' ਨੇ ਮੁਗ਼ਲ ਹਕੂਮਤ ਦੀਆਂ ਨੀਹਾਂ ਹਿਲਾ ਕੇ ਰੱਖ ਦਿੱਤੀਆਂ । ਇਸ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਮਨੋਵਿਗਿਆਨਕ ਤੇ ਜੰਗੀ ਸੂਝ ਦਾ ਸਿਖਰ ਕਿਹਾ ਜਾ ਸਕਦਾ ਹੈ । ਵੈਸੇ, ਜੇ ਗਹੁ ਨਾਲ ਵੇਖਿਆ ਜਾਵੇ ਤਾਂ ਗੁਰੂ ਸਾਹਿਬ ਦੀ ਹਰ ਜੰਗੀ ਸਰਗਰਮੀ, ਉਨ੍ਹਾਂ ਦੀ ਮਨੋਵਿਗਿਆਨਕ ਤੇ ਜੰਗੀ ਸੂਝ ਦੀ ਮੂੰਹ ਬੋਲਦੀ ਤਸਵੀਰ ਪੇਸ਼ ਕਰਦੀ ਹੈ । ਆਨੰਦਪੁਰ ਸਾਹਿਬ ਵਰਗੇ ਢੁੱਕਵੇਂ ਸਥਾਨ ਨੂੰ ਆਪਣੀਆਂ ਮੁੱਖ ਸਰਗਰਮੀਆਂ ਦਾ ਕੇਂਦਰ ਬਣਾਉਣਾ, ਉਨ੍ਹਾਂ ਦੀ ਜੰਗੀ ਸੂਝ ਵੱਲ ਸੰਕੇਤ ਕਰਦਾ ਹੈ । ਫਿਰ, ਆਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਣ ਉਪਰੰਤ, ਪਿੱਛਾ ਕਰ ਰਹੀ ਟਿੱਡੀ ਦਲ ਮੁਗ਼ਲ ਫ਼ੌਜ ਨੂੰ ਠੱਲ੍ਹਣ ਲਈ ਤੱਤ-ਭੜੱਤ ਵਿੱਚ ਉੱਚੀ ਥਾਂ 'ਤੇ ਸਥਿਤ ਇੱਕ ਕੱਚੀ ਹਵੇਲੀ (ਚਮਕੌਰ ਦੀ ਗੜ੍ਹੀ ) ਵਿੱਚ ਮੋਰਚੇ ਸੰਭਾਲ ਲੈਣਾ ਅਤੇ ਦੁਸ਼ਮਣ ਦੇ ਭੀੜੇ ਘੇਰੇ ਨੂੰ ਚੀਰ ਕੇ ਸਪੱਟ ਨਿਕਲ ਜਾਣਾ, ਉਨ੍ਹਾਂ ਦੀ ਫ਼ੌਜੀ ਸੂਝ ਦੀ ਇੱਕ ਬਹੁਤ ਹੀ ਸ਼ਾਨਦਾਰ ਮਿਸਾਲ ਪੇਸ਼ ਕਰਦਾ ਹੈ । ਇਸ ਤੋਂ ਇਹ ਵੀ ਸਪੱਸ਼ਟ ਹੋ ਜਾਂਦਾ ਹੈ । ਕਿ ਗੁਰੂ ਸਾਹਿਬ ਮਨਸੂਬਾਬੰਦੀ ਕਰਨ ਵਿੱਚ ਕਮਾਲ ਦੀ ਮੁਹਾਰਤ ਰੱਖਦੇ ਸਨ ।

ਗੁਰੂ ਗੋਬਿੰਦ ਸਿੰਘ ਡੂੰਘੀ ਸੋਚ ਵਿਚਾਰ ਤੋਂ ਬਾਅਦ ਹੀ ਕਿਸੇ ਕੰਮ ਨੂੰ ਹੱਥ ਪਾਉਂਦੇ ਸਨ ਅਤੇ ਉਨ੍ਹਾਂ ਦਾ ਨਜ਼ਰੀਆਂ ਇੱਕਦਮ ਵਿਗਿਆਨਕ ਸੀ । ਉਨ੍ਹਾਂ ਦੀ ਵਿਗਿਆਨਕ/ ਮਨੋਵਿਗਿਆਨਕ ਸੂਝ ਨੂੰ ਦਰਸਾਉਂਦੀਆਂ ਕੁੱਝ ਮਿਸਾਲਾਂ ਤੁਹਾਡੀ ਨਜ਼ਰ ਕਰ ਰਿਹਾ ਹਾਂ :

ਭਾਰਤ ਦੇ ਇਤਿਹਾਸ ਵਿੱਚ ਗੁਰੂ ਗੋਬਿੰਦ ਸਿੰਘ ਜੀ ਚੜ੍ਹਦੀਕਲਾ ਦੇ ਅਵਤਾਰ ਮੰਨੇ ਜਾਂਦੇ ਹਨ । ਗੁਰੂ ਸਾਹਿਬ ਨੇ ਆਪਣੇ ਸਿੱਖਾਂ ਨੂੰ ਚੜ੍ਹਦੀ ਕਲਾਂ ਦਾ ਨਾਅਰਾ ਦਿੱਤਾ ਅਤੇ 'ਨਿਸਚੈ ਕਰ ਆਪਨੀ ਜੀਤ ਕਰੋ ॥' ਦਾ ਸਬਕ ਕੰਠ ਕਰਵਾਇਆ, ਕਿਉਂਕਿ ਸਵੈ ਭਰੋਸੇ ਨਾਲ ਹੀ ਕੋਈ ਕੰਮ ਨੇਪਰੇ ਚੜ੍ਹਦਾ ਹੈ ।''ਸੋ,ਲਿਤਾੜੀ ਅਤੇ ਸਾਹ-ਸਤ ਗੁਆ ਚੁੱਕੀ ਭਾਰਤੀ ਜਨਤਾ ਨੂੰ ਚੜ੍ਹਦੀਕਲਾ ਦਾ ਨਾਅਰਾ ਦੇਣ ਸਮੇਂ ਦੀ ਮੰਗ ਸੀ, ਕਿਉਂਕਿ ਢਹਿੰਦੀ ਕਲਾਂ'ਚ ਜਾ ਰਹੀ ਕੌਮ ਤੋਂ ਕਿਸੇ ਠੋਸ ਪ੍ਰਾਪਤੀ ਦੀ ਆਸ ਨਹੀਂ ਸੀ ਕੀਤੀ ਜਾ ਸਕਦੀ । ਦੂਜਾ, ਹਾਲਾਤ ਅਤੇ ਮੌਕੇ ਅਨੁਸਾਰ ਗੁਰੂ ਸਾਹਿਬ ਨੇ ਸਿੱਖ ਸਮਾਜ ਲਈ ਕੁਝ ਨਵੇਂ ਸਿਧਾਂਤ ਘੜ੍ਹੇ ਅਤੇ ਉਨ੍ਹਾਂ 'ਤੇ ਅਮਲ ਕਰਨਾ ਵੀ ਸਿਖਾਇਆ । ਇਨ੍ਹਾਂ ਸਿਧਾਂਤਾਂ, ਜੋ ਬਾਅਦ ਵਿੱਚ ਰਵਾਇਤਾਂ ਦਾ ਰੂਪ ਧਾਰਨ ਕਰ ਗਏ , ਦੀ ਸੁੰਦਰ ਮਾਲਾ ਵਿੱਚ 'ਅਰਦਾਸਾ ਸੋਧਣ' ਦਾ ਕੀਮਤੀ ਮਣਕਾ ਵਿਸ਼ੇਸ਼ ਮਹੱਤਵ ਰੱਖਦਾ ਹੈ । (ਉਂਝ ਅਕਾਲ ਪੁਰਖ ਅੱਗੇ ਬੰਦਨਾ ਕਰਨ ਜਾਂ ਅਰਦਾਸ ਕਰਨ ਦੀ ਰੀਤ ਸਿੱਖ ਜਗਤ ਵਿੱਚ ਓਨੀ ਹੀ ਪੁਰਾਣੀ ਹੈ ਜਿੰਨਾ ਸਿੱਖ ਧਰਮ, ਪਰ 'ਅਰਦਾਸਾ ਸੋਧਣ' ਦੀ ਪਰੰਪਰਾ ਇਸ ਨਾਲੋਂ ਫ਼ਰਕ ਵਾਲੀ ਹੈ ਅਤੇ ਸਹੀ ਮਾਅਨਿਆਂ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਸਮੇ ਹੋਂਦ ਵਿੱਚ ਆਈ । )

'ਅਰਦਾਸਾ ਸੋਧਣ' ਦੀ ਸਿੱਖੀ ਰਵਾਇਤ ਵਿਗਿਆਨਕ ਸੋਚ 'ਤੇ ਆਧਾਰਤ ਹੈ । ਤੁਸੀਂ ਪੁੱਛੋਗੇ, ਕਿਵੇਂ ? ਇਸ ਤੱਥ ਨੂੰ ਅਸਰਦਾਰ ਢੰਗ ਨਾਲ ਸਮਝਣ ਲਈ ਗੱਲ ਨੂੰ ਥੋੜ੍ਹਾ ਘੁਮਾਕੇ ਲਿਆਉਣਾ ਪਵੇਗਾ । ਦੁਬਿਧਾ ਤੇ ਦੁਚਿੱਤੀ ਵਿੱਚ ਫਸਿਆ ਵਿਅਕਤੀ ਆਪਣੀ ਮੰਜ਼ਿਲ 'ਤੇ ਨਹੀਂ ਪਹੁੰਚ ਸਕਦਾ, ਜਦੋਂ ਕਿ ਫ਼ੈਸਲਾ ਲੈ ਕੇ ਦ੍ਰਿੜਤਾ ਨਾਲ ਆਪਣੇ ਨਿਸ਼ਾਨੇ ਵੱਲ ਵਧਣ ਵਾਲਾ ਵਿਅਕਤੀ ਸਹਿਜੇ ਹੀ ਸਫ਼ਲਤਾ ਪ੍ਰਾਪਤ ਕਰ ਲੈਂਦਾ ਹੈ । ਇਸ ਸਬੰਧ ਵਿੱਚ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੇ ਇਹ ਸ਼ਬਦ ਕਿੰਨੇ ਭਾਵਪੂਰਤ ਹਨ -''ਕੋਈ ਮੁਸ਼ਕਿਲ ਏਡੀ ਮੁਸ਼ਕਿਲ ਨਹੀਂ ਹੁੰਦੀ, ਜੇਡੀ ਦੁਚਿਤੀ । ਘਬਰਾਹਟ ਵੀ ਸਾਰੀ ਦੁਚਿੱਤੀ ਵਿੱਚ ਹੁੰਦੀ ਹੈ ।'' ਦੁਚਿਤੀ ਵਿੱਚ ਪਏ ਵਿਅਕਤੀ ਦੀਆਂ ਸਮੱਸਿਆਵਾਂ,

ਫ਼ੈਸਲੇ ਖੂਣੇ ਜਿਉਂ ਦੀਆਂ ਤਿਉਂ ਪਈਆਂ ਰਹਿੰਦੀਆਂ ਹਨ । ਸੋ, ''ਵੱਡਾ ਦੁਖੀਆ ਉਹ ਹੈ, ਜੋ ਸਲਾਹੀਂ ਪੈ ਜਾਵੇ । '' ਕਾਰਲਾਈਲ । ਭਗਵਾਨ ਕ੍ਰਿਸ਼ਨ ਦਾ ਇਹ ਪ੍ਰਵਚਨ-''ਸੰਸੇ ਵਿੱਚ ਡੁੱਬੇ ਆਦਮੀ ਦਾ ਵਿਨਾਸ਼ ਅਵੱਸ਼ ਹੁੰਦਾ ਹੈ ।''-ਪੱਥਰ 'ਤੇ ਲਕੀਰ ਖਿੱਚਦਾ ਹੋਇਆ ਸਾਡਾ ਮਾਰਗ ਦਰਸ਼ਨ ਕਰਦਾ ਹੈ । ਗੁਰੂ ਗੋਬਿੰਦ ਸਿੰਘ ਜੀ ਨੂੰ ਇਸ ਗੱਲ ਦਾ ਗਿਆਨ ਸੀ ਕਿ ''ਡਾਵਾਂਡੋਲ ਮਨ ਕੇਵਲ ਨੀਚ ਸੰਪਤੀ ਹੈ । ''ਯੂਰੀਪੀਡਟੀਜ਼) । ਸੋ, ਗੁਰੂ ਸਾਹਿਬ ਨੇ ਦੁਬਿਧਾ ਤੇ ਦੁਚਿਤੀ ਨੂੰ ਖ਼ਤਮ ਕਰਨ ਲਈ 'ਅਰਦਾਸਾ ਸੋਧਣ' ਦੀ ਚਮਤਕਾਰੀ ਸਿੱਖੀ ਰਵਾਇਤ ਪ੍ਰਚੱਲਿਤ ਕੀਤੀ ।

ਆਓ ! ਇਸ ਰਵਾਇਤ ਦੀ ਬੁੱਕਲ ਵਿੱਚ ਕੰਮ ਕਰ ਰਹੇ ਫਲਸਫ਼ੇ ਨੂੰ ਥੋੜ੍ਹਾ ਹੋਰ ਨੇੜਿਓਂ ਵੇਖਣ ਤੇ ਸਮਝਣ ਦੀ ਕੋਸ਼ਿਸ਼ ਕਰੀਏ । ਗੱਲ ਇਹ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਅਸੰਭਵ ਨੂੰ ਸੰਭਵ ਬਣਾਉਣਾ ਚਾਹੁੰਦੇ ਸਨ, ਯਾਨੀ ਸਵਾ ਲੱਖ ਨਾਲ ਇੱਕ ਨੂੰ ਭਿੜਾਉਣਾ ਚਾਹੁੰਦੇ ਸਨ ਅਤੇ ''ਚਿੜੀਓਂ ਸੇ ਮੈਂ ਬਾਜ ਤੁੜਾਊਂ ॥ ਤਬੀ ਗੋਬਿੰਦ ਸਿੰਘ ਨਾਮ ਕਹਾਊਂ ॥'' ਨੂੰ ਅਮਲੀ ਜਾਮਾ ਪਹਿਨਾਉਣਾ ਚਾਹੁੰਦੇ ਸਨ । ਇਸ ਸਭ ਕਾਸੇ ਲਈ ਕਿਸੇ ਚਮਤਕਾਰੀ ਢੰਗ ਦੀ ਲੋੜ ਸੀ । ਅਰਦਾਸਾ ਸੋਧਣ ਦਾ ਸਿਧਾਂਤ, ਕਸਵੱਟੀ 'ਤੇ ਖਰਾ ਉਤਰਦਾ ਨਜ਼ਰ ਆਇਆ । ਸੋ, ਗੁਰੂ ਸਾਹਿਬ ਨੇ ਇਸ ਸਿਧਾਂਤ 'ਤੇ ਆਪਣੀ ਮੋਹਰ ਲਗਾ ਦਿੱਤੀ, ਯਾਨੀ ਇਸ ਨੂੰ ਸਿੱਖ ਰਹਿਤ ਮਰਯਾਦਾ ਦਾ ਇੱਕ ਅੰਗ ਬਣਾ ਦਿੱਤਾ ਅਤੇ 'ਅਰਦਾਸਾ ਸੋਧ ਕੇ' ਭੱਜਣ ਨੂੰ ਸਿੱਖੀ ਰਵਾਇਤਾਂ ਦੇ ਵਿਰੁੱਧ ਕਰਾਰ ਦਿੱਤਾ । (ਤੁਹਾਨੂੰ ਸ਼ਾਇਦ ਪਤਾ ਹੋਵੇਗਾ ਕਿ ਮਾਸਟਰ ਤਾਰਾ ਸਿੰਘ ਵਰਗੇ ਮੰਨੇ-ਪ੍ਰਮੰਨੇ ਸਿੱਖ ਨੇਤਾ ਨੂੰ ਵੀ ਇਸ ਰਹਿਤ ਮਰਯਾਦਾ ਦੀ ਉਲੰਘਣਾ ਕਰਨ ਬਦਲੇ ਸ੍ਰੀ ਅਕਾਲ ਤਖ਼ਤ ਵੱਲੋਂ ਤਨਖਾਹੀਆ ਕਰਾਰ ਦਿੱਤਾ ਗਿਆ ਸੀ ।)

ਗੱਲ ਨੂੰ ਸਮੇਟਦਿਆਂ, ਦੁਬਿਧਾ ਤੇ ਦੁਚਿੱਤੀ ਸਵੈ-ਵਿਸ਼ਵਾਸ ਦੀ ਘਾਟ ਤੋਂ ਉਪਜਦੀ ਹੈ ।' 'ਅਰਦਾਸਾ ਸੋਧਣ'ਦੀ ਪਰੰਪਰਾ, ਸਵੈ-ਵਿਸ਼ਵਾਸ ਤੇ ਚੜ੍ਹਦੀਕਲਾ ਦੀ ਪ੍ਰਤੀਕ ਹੈ । ਗੱਲ ਕੀ, ਇਸ ਦੀ ਪਾਲਣਾ ਕਰਨ ਨਾਲ ਦੁਚਿਤੀ ਮੁੱਕ ਜਾਂਦੀ ਹੈ ਅਤੇ ਫ਼ੈਸਲਾ ਲੈ ਕੇ ਦ੍ਰਿੜਤਾ ਨਾਲ ਮੰਜ਼ਿਲ ਵੱਲ ਵਧਣ ਨਾਲ ਕਾਮਯਾਬੀ ਪੈਰ ਚੁੰਮਦੀ ਹੈ । ਇਸ ਤਰ੍ਹਾਂ ਇਹ ਚਮਤਕਾਰੀ ਰਵਾਇਤ, ਪਾਲਣਾ ਕਰਨ ਵਾਲੇ ਸਿੱਖ ਨੂੰ ਦੁਬਿਧਾ ਤੇ ਦੁਚਿੱਤੀ ਦੀ ਦਲਦਲ 'ਚੋਂ ਕੱਢ ਕੇ, ਦ੍ਰਿੜ੍ਹਤਾ ਤੇ ਸਿਦਕਦਿਲੀ ਨਾਲ ਨਿਸ਼ਾਨੇ ਵੱਲ ਵਧਣ ਲਈ ਪ੍ਰੇਰਿਤ ਕਰਦੀ ਹੈ । ਇਤਿਹਾਸ ਗਵਾਹ ਹੈ ਕਿ ਇਹ ਰੀਤ,ਸਿੱਖਾਂ ਲਈ ਸ਼ਕਤੀ ਦਾ ਇੱਕ ਸੋਮਾ ਹੋ ਨਿਬੜੀ । ਸਿੱਖਾਂ ਨੇ ਇਸ ਤੋਂ ਬਲ ਪ੍ਰਾਪਤ ਕਰਕੇ ਅਨੇਕਾਂ ਅਜੋੜ ਤੇ ਅਸਾਵੀਆਂ ਜੰਗਾਂ ਲੜੀਆਂ ਅਤੇ ਜਿੱਤਾਂ ਪ੍ਰਾਪਤ ਕੀਤੀਆਂ । ਅਕਾਲੀ ਫੂਲਾ ਸਿੰਘ ਵੱਲੋਂ ਅਰਦਾਸਾ ਸੋਧ ਕੇ ਜੰਗ ਲਈ ਕੂਚ ਕਰਨ ਉਪਰੰਤ, ਮਹਾਰਾਜਾ ਰਣਜੀਤ ਸਿੰਘ ਵੱਲੋਂ ਨਿਮਰਤਾ ਸਹਿਤ ਬੇਨਤੀ ਕਰਨ 'ਤੇ ਵੀ ਪਿਛਾਂਹ ਨਾ ਹਟਣ ਅਤੇ ਪਠਾਣਾਂ ਵਿਰੁੱਧ ਇੱਕ ਅਜੋੜ ਜੰਗ ਵਿੱਚ ਜਿੱਤ ਪ੍ਰਾਪਤ ਕਰਨ ਦੀ ਬਹੁ-ਚਰਜਿਤ ਘਟਨਾ, ਇਤਿਹਾਸ ਦੇ ਪੰਨਿਆਂ'ਤੇ ਸੁਨਹਿਰੀ ਅੱਖਰਾਂ ਵਿੱਚ ਦਰਜ ਹੈ । ਖ਼ੈਰ !

ਗੁਰੂ ਗੋਬਿੰਦ ਸਿੰਘ ਜੀ ਦੀ ਮਨੋਵਿਗਿਆਨਕ ਸੂਝ ਅਤੇ ਦੂਰਅੰਦੇਸ਼ੀ ਨੂੰ ਦਰਸਾਉਂਦੀਆਂ ਕਈ ਹੋਰ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ, ਪਰ ਇੱਥੇ, ਥਾਂ ਦੀ ਥੁੜ੍ਹ ਕਾਰਨ, ਇਨ੍ਹਾਂ ਸਾਰੀਆਂ ਦਾ ਜ਼ਿਕਰ ਕਰਨਾ ਸੰਭਵ ਨਹੀਂ ਹੈ । ਸੋ, ਲੇਖਕ ਨੇ ਤੁਹਾਡੇ ਨਾਲ ਇੱਕ ਅਜਿਹੀ ਚੋਣਵੀਂ ਮਿਸਾਲ ਸਾਂਝੀ ਕਰਨ ਦਾ ਮਨ ਬਣਾਇਆ ਹੈ, ਜੋ 'ਹਾਥੀ ਦੀ ਪੈੜ ਵਿੱਚ ਸਾਰੀਆਂ ਪੈੜਾਂ ਆ ਜਾਣ' ਦੀ ਹੈਸੀਅਤ ਰੱਖਦੀ ਹੈ ।

ਇਤਿਹਾਸ ਦੱਸਦਾ ਹੈ ਕਿ 1696-1699 ਈ. ਦੌਰਾਨ ਗੁਰੂ ਸਾਹਿਬ ਨੂੰ ਨਾ ਮੁਗ਼ਲਾਂ ਅਤੇ ਨਾ ਹੀ ਪਹਾੜੀ ਰਾਜਿਆਂ ਤੋਂ ਕੋਈ ਖ਼ਤਰਾ ਰਿਹਾ । ਸੋ

ਇਸ ਅਰਸੇ ਦੌਰਾਨ ਉਨ੍ਹਾਂ ਨੇ ਆਪਣੀ ਸੂਝਬੂਝ ਤੇ ਸ਼ਕਤੀ ਨੂੰ ਪੂਰਨ ਰੂਪ ਵਿੱਚ ਆਪਣੇ ਜੀਵਨ ਦੇ ਅਸਲੀ ਉਦੇਸ਼ ਦੀ ਪੂਰਤੀ ਵੱਲ ਮੋੜਿਆ ।

ਗੁਰੂ ਸਾਹਿਬ ਦੇ ਜੀਵਨ ਦਾ ਮੁੱਖ ਮਨੋਰਥ ਇਹ ਸੀ ਕਿ ਲੋਕਾਂ ਨੂੰ ਜ਼ੁਲਮ ਅਤੇ ਬਦੀ ਦੇ ਖਿਲਾਫ਼ ਮੁਕਾਬਲਾ ਕਰਨ ਦੇ ਸਮਰੱਥ ਬਣਾਇਆ ਜਾਵੇ ਅਤੇ ਸਮਾਂ ਆਉਣ 'ਤੇ ਇਨਕਲਾਬ ਦਾ ਝੰਡਾ ਬੁਲੰਦ ਕੀਤਾ ਜਾਵੇ । ਗੁਰੂ ਸਾਹਿਬ ਆਪਣੇ ਜੀਵਨ ਦੇ ਉਦੇਸ਼ ਬਾਰੇ 'ਬਚਿਤ੍ਰ ਨਾਟਕ' ਵਿੱਚ ਲਿਖਦੇ ਹਨ -''ਦੁਸਟ ਦੋਖਿਯਨਿ ਪਕਰਿ ਪਛਾਰੋ ॥ ਯਾਹੀ ਕਾਜ ਧਰਾ ਹਮ ਜਨਮੰ ॥ '' ਸੋ, ਇਸ ਮਕਸਦ ਦੀ ਪੂਰਤੀ ਲਈ ਇੱਕ ਅਜਿਹੀ ਸਿਰਲੱਥ ਕੌਮ ਦਾ ਨਿਰਮਾਣ ਕਰਨ ਦੀ ਲੋੜ ਸੀ, ਜੋ ਮੁਗ਼ਲ ਹਕੂਮਤ ਨੂੰ ਸਾਹਮਣਿਓਂ ਲਲਕਾਰ ਸਕੇ । ਪਰ ਇੱਕ ਸ਼ਕਤੀਸ਼ਾਲੀ ਹਕੂਮਤ ਵਿਰੁੱਧ ਇਨਕਲਾਬ ਦਾ ਝੰਡਾ ਬੁਲੰਦ ਕਰਨਾ ਕੋਈ ਆਸਾਨ ਕੰਮ ਨਹੀਂ ਸੀ । ਸੋ ਅਜਿਹੇ ਅਸੰਭਵ ਕਾਰਜ ਨੂੰ ਸੰਭਵ ਬਣਾਉਣ ਲਈ ਕਿਸੇ ਚਮਤਕਾਰੀ ਤਰਕੀਬ ਦੀ ਲੋੜ ਸੀ । ਗੁਰੂ ਗੋਬਿੰਦ ਸਿੰਘ ਜੀ ਤੁਹਾਨੂੰ ਪਤਾ ਹੀ ਹੈ, ਜਿੱਥੇ ਇੱਕ ਆਲ੍ਹਾ ਦਰਜੇ ਦੇ ਦੂਰ-ਅੰਦੇਸ਼ ਸਨ ਉੱਥੇ ਇੱਕ ਮਹਾਨ ਚਿੰਤਕ ਤੇ ਮਨੋਵਿਗਿਆਨੀ ਵੀ ਸਨ । ਗੁਰੂ ਸਾਹਿਬ ਦੀ ਮਨੋਵਿਗਿਆਨਕ ਸੂਝ ਨੇ ਇੱਕ ਡੂੰਘੀ ਚੁੱਭੀ ਮਾਰੀ ਅਤੇ ਚਿੜੀਆਂ ਨੂੰ ਬਾਜ਼ਾਂ ਦੇ ਖੰਭ ਨੋਚਣ ਦੇ ਸਮਰੱਥ ਬਣਾਉਣ ਵਾਲੀ ਇੱਕ ਚਮਤਕਾਰੀ ਵਿਧੀ ਢੂੰਡ ਲਿਆਂਦੀ । ਇਹ ਵਿਧੀ ਸੀ-'ਖੰਡੇ ਦੀ ਪਾਹੁਲ', ਯਾਨੀ ਅੰਮ੍ਰਿਤ ਛਕਾਉਣ ਦਾ ਸਿਧਾਂਤ । ਇਸ ਸਿਧਾਂਤ ਨੂੰ ਧੁਰਾ ਮਿੱਥ ਕੇ, ਸੰਨ 1699 ਈ: ਵਿੱਚ ਗੁਰੂ ਸਾਹਿਬ ਨੇ ਖ਼ਾਲਸੇ ਦੀ ਸਾਜਨਾ ਕੀਤੀ ਅਤੇ ਫਿਰ ਖ਼ਾਲਸੇ ਨੂੰ ਉਸ ਦੀ ਬਾਰੂਦੀ ਸ਼ਕਤੀ ਦਾ ਅਹਿਸਾਸ ਕਰਾਉਂਦਿਆਂ ਕਿਹਾ :

''ਪਿਆਰੀਓ ਚਿੜੀਓ ! ਹੁਣ ਤੁਸੀਂ ਉਹ ਨਹੀਂ
ਖ਼ਾਲਸਾ ਮੇਰੋ ਰੂਪ ਹੈ ਖ਼ਾਸ ॥ ਖ਼ਾਲਸੇ ਮਹਿ ਹਉ ਕਰੋ ਨਿਵਾਸ ॥
ਜਾਓ, ਬਾਜ਼ਾਂ ਦੇ ਖੰਭ ਤੋੜੋ ।'' (ਸੰਤੋਖ ਸਿੰਘ ਧੀਰ)

ਇਤਿਹਾਸ ਗਵਾਹ ਹੈ ਕਿ 'ਚਿੜੀਆਂ' ਨੇ 'ਬਾਜ਼ਾਂ' ਦੇ ਖੰਭ ਤੋੜੇ । ਇਹ ਗੁਰੂ ਸਾਹਿਬ ਦੀ ਮਨੋਵਿਗਿਆਨਕ ਸੂਝ ਦਾ ਹੀ ਕ੍ਰਿਸ਼ਮਾ ਸੀ ਕਿ ਜਦੋਂ ਗੁਰੂ ਦਾ ਸਾਜਿਆ ਨਿਵਾਜਿਆ ਖ਼ਾਲਸਾ ਹੱਥਾਂ ਵਿੱਚ ਸ਼ਮਸ਼ੀਰ ਲੈ ਕੇ ਮੈਦਾਨ ਵਿੱਚ ਨਿੱਤਰਿਆ ਤਾਂ ਤਖ਼ਤਾ ਤੇ ਤਾਜਾਂ ਨੇ ਉਨ੍ਹਾਂ ਨੂੰ ਪ੍ਰਣਾਮ ਕੀਤਾ । ਫ਼ਿਰ ਇੱਕ ਸਮਾਂ ਆਇਆ ਜਦੋਂ ਖ਼ਾਲਸੇ ਨੇ ਸਦੀਆਂ ਦੀ ਗ਼ੁਲਾਮੀ ਤੋਂ ਬਾਅਦ ਮੁਗ਼ਲਾਂ 'ਤੇ ਫ਼ਤਹਿ ਹਾਸਲ ਕਰਕੇ ਗ਼ਜ਼ਨਵੀ , ਤੈਮੂਰ ਤੇ ਬਾਬਰ ਦੇ ਖ਼ਾਨਦਾਨਾਂ ਵਿਚੋਂ ਅਖਵਾਉਣ ਵਾਲਿਆਂ ਦੀ ਆਨ ਤੇ ਸ਼ਾਨ ਨੂੰ ਮਿੱਟੀ ਵਿੱਚ ਮਿਲਾ ਕੇ ਰੱਖ ਦਿੱਤਾ । ਦੂਜਾ, ਖ਼ਾਲਸੇ ਦੀ ਸਥਾਪਨਾ ਨਾਲ ਸਿੱਖ ਸਮਾਜ ਵਿੱਚ ਲੋਕਤੰਤਰੀ ਤੱਤਾਂ **(DEMOCRATIC ELEMENTS)** ਦਾ ਸੰਚਾਲਣ ਹੋਇਆ, ਕਿਉਂਕਿ ਖ਼ਾਲਸੇ ਨੂੰ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਸਿੱਖਾਂ ਦੇ ਸਾਰੇ ਫ਼ੈਸਲੇ ਕਰਨ ਦਾ ਅਧਿਕਾਰ ਦੇ ਦਿੱਤਾ ਗਿਆ ।

ਹੁਣ ਇਸ ਗੱਲ ਵਿੱਚ ਕੋਈ ਸ਼ੱਕ ਨਹੀਂ ਰਹਿ ਜਾਂਦਾ ਕਿ ਇਨ੍ਹਾਂ ਯੁੱਗ-ਪਲਟਾਊ ਘਟਨਾਵਾਂ ਦੇ ਪਿੱਛੇ, ਹੋਰ ਗੱਲਾਂ ਤੋਂ ਇਲਾਵਾ, ਗੁਰੂ ਸਾਹਿਬ ਦੀ ਮਨੋਵਿਗਿਆਨਕ ਸੂਝ ਜਾਂ ਕੋਈ ਡੂੰਘਾ ਫ਼ਲਸਫ਼ਾ ਕੰਮ ਕਰ ਰਿਹਾ ਹੁੰਦਾ ਹੈ । ਜੇ ਗਹੁ ਨਾਲ ਵੇਖਿਆ ਜਾਵੇ ਤਾਂ ਪੰਜ ਪਿਆਰਿਆਂ ਦੀ ਸਿਰਜਣਾ ਤੋਂ ਲੈ ਕੇ, ਬਾਬਾ ਬੰਦਾ ਸਿੰਘ ਬਹਾਦਰ ਦੀ ਚੋਣ ਕਰਨ ਵੇਲੇ ਤੱਕ ਗੁਰੂ ਸਾਹਿਬ ਦੀ ਵਿਗਿਆਨਕ ਤੇ ਮਨੋਵਿਗਿਆਨ ਸੂਝ ਹਰ ਥਾਂ ਉੱਭਰ ਕੇ ਸਾਹਮਣੇ ਆਉਂਦੀ ਹੈ । ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਦੀ ਨਿਰਸੰਦੇਹ ਹੀ ਦੁਨੀਆਂ ਦੇ ਮਹਾਨ ਮਨੋਵਿਗਿਆਨੀਆਂ ਤੇ ਚਿੰਤਕਾਂ ਵਿੱਚ ਗਿਣਤੀ ਕੀਤੀ ਜਾਣੀ ਚਾਹੀਦੀ ਹੈ ।

# ਉਪਦੇਸ਼ ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਪ੍ਰਥਮ ਗੁਰੂ, ਗੁਰੂ ਨਾਨਕ ਸਾਹਿਬ ਜੀ ਦਾ ਦਸਵਾਂ ਰੂਪ ਹੀ ਸਨ । ਉਹਨਾਂ ਨੇ ਆਪਣੇ ਵੱਲੋਂ ਕੋਈ ਨਵੇ ਸਿਧਾਂਤ ਨਹੀਂ ਘੜੇ ਸਗੋਂ, ਗੁਰੂ ਨਾਨਕ ਪਾਤਸ਼ਾਹ ਜੀ ਦੇ ਵਿਚਾਰਾਂ ਨੂੰ ਹੀ ਪ੍ਰਚਾਰਿਆ । ਇਹ ਗੱਲ ਵੱਖਰੀ ਹੈ ਕਿ ਉਹਨਾਂ ਦੀ ਭਾਸ਼ਾ ਤੇ ਸ਼ੈਲੀ ਜ਼ਰੂਰ ਵੱਖਰੀ ਸੀ । ਆਪ ਜੀ ਨੇ ਆਪਣੀ ਬਾਣੀ ਵਿੱਚ ਪ੍ਰਭੂ ਦੇ ਸਰੂਪ ਤੇ ਪਹਿਚਾਣ ਬਾਰੇ, ਪ੍ਰਭੂ ਦੀ ਸਿਫਤ ਸਲਾਹ, ਮਨੁੱਖੀ ਏਕਤਾ ਅਤੇ ਧਰਮ ਦੇ ਨਾਂ ਹੇਠ ਪ੍ਰਚਲਿੱਤ ਗਲਤ ਵਿਸ਼ਵਾਸ਼ਾਂ, ਪਾਖੰਡਾਂ, ਕਰਮ ਕਾਂਡਾਂ ਬਾਰੇ ਮੁੱਖ ਤੌਰ ਤੇ ਵਿਚਾਰ ਪ੍ਰਗਟ ਕੀਤੇ ਹਨ । ਪ੍ਰਭੂ ਦੇ ਵੱਖ-ਵੱਖ ਗੁਣਾਂ ਨੂੰ ਗਾਇਨ ਕਰਕੇ, ਪ੍ਰਭੂ ਦੀਆਂ ਦਾਤਾਂ ਦਾ ਜ਼ਿਕਰ ਕਰਕੇ ਅਤੇ ਪ੍ਰਭੂ ਦੀ ਸਰਬਗਤਾ ਤੇ ਉੱਚਤਾ ਅਤੇ ਉਸ ਸਾਹਮਣੇ ਮਨੁੱਖ ਦੀ ਤੁਛ ਹਸਤੀ ਦਾ ਬਿਆਨ ਕਰਕੇ ਜਗਿਆਸੂ ਮਨ ਨੂੰ ਪ੍ਰਭੂ ਦੇ ਚਰਨਾਂ ਵਿੱਚ ਜੋੜ ਦੇਣਾ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਦਾ ਕਰਾਮਾਤੀ ਗੁਣ ਹੈ । ਹੇਠਾਂ ਆਪ ਜੀ ਦੀ ਬਾਣੀ ਵਿੱਚੋਂ ਮੁੱਖ ਉਪਦੇਸ਼ ਅੰਕਿਤ ਕੀਤੇ ਜਾਂਦੇ ਹਨ ।

(1) ਪ੍ਰਭੂ ਦਾ ਸਰੂਪ - ਜਿਵੇਂ ਗੁਰੂ ਨਾਨਕ ਦੇਵ ਜੀ ਨੇ 'ਜਪੁ ਜੀ' ਦੇ ਆਰੰਭ ਤੋਂ ਪਹਿਲਾਂ ਮੂਲ ਮੰਤਰ ਰਾਹੀਂ ਅਕਾਲ ਪੁਰਖ ਦੇ ਗੁਣਾਂ ਦੀ ਵਿਆਖਿਆ ਕੀਤੀ ਹੈ, ਤਿਵੇਂ ਹੀ ਗੁਰੂ ਗੋਬਿੰਦ ਸਿੰਘ ਜੀ ਨੇ 'ਜਾਪੁ' ਸਾਹਿਬ ਦੇ ਪਹਿਲੇ ਬੰਦ ਵਿੱਚ ਪਰਮਾਤਮਾ ਦਾ ਸਰੂਪ ਬਿਆਨਿਆ ਹੈ । ਆਪ ਫੁਰਮਾਉਂਦੇ ਹਨ ਕਿ ਪ੍ਰਭੂ ਦਾ ਕੋਈ ਪਹਿਰਾਵਾ ਨਹੀਂ, ਉਸ ਵਿੱਚ ਅਥਾਹ ਸ਼ਕਤੀ ਹੈ । ਉਸ ਦਾ ਪ੍ਰਕਾਸ਼ ਉਸ ਦੇ 'ਆਪੇ' ਤੋਂ ਹੀ ਹੋਇਆ ਹੈ । (ਉਸ ਨੂੰ ਕਿਸੇ ਨੇ ਪੈਦਾ ਨਹੀਂ ਕੀਤਾ), ਉਹ ਰਾਜਿਆਂ ਦਾ ਰਾਜਾ, ਸਾਰੇ ਬ੍ਰਹਿਮੰਡ (ਸਾਰੇ ਭਵਨਾਂ) ਦਾ ਮਾਲਕ ਹੈ, ਉਸ ਵਰਗਾ ਕੋਈ ਹੋਰ ਨਹੀਂ ਹੈ । ਪ੍ਰਭੂ ਦਾ ਕੋਈ ਅਜਿਹਾ ਇੱਕ ਨਾਮ ਨਹੀਂ, ਜੋ ਪ੍ਰਭੂ ਦੇ ਸਭ ਗੁਣਾਂ (ਸਮੁੱਚੀ ਸਖ਼ਸ਼ੀਅਤ) ਦਾ ਲਖਾਇਕ ਹੋਵੇ, ਸੂਝਵਾਨ ਮਨੁੱਖ ਨੇ ਪ੍ਰਭੂ ਦੇ ਕੰਮਾਂ ਨੂੰ ਵੇਖ ਕੇ ਉਸ ਦੇ ਨਾਮ ਰੱਖ ਲਏ ਹਨ ।

ਚਕ੍ਰ ਚਿਹਨ ਅਰੁ ਬਰਨੈ ਜਾਤਿ ਅਰੁ ਪਾਤਿ ਨਹਿਨ ਜਿਹ ॥<br>
ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤਿ ਕਿਹ ॥<br>
ਅਚਲ ਮੂਰਤਿ, ਅਨਭਉ ਪ੍ਰਕਾਸ, ਅਮਿਤੋਜ ਕਹਿਜੈ ॥<br>
ਕੋਟਿ ਇੰਦ੍ਰ ਇੰਦ੍ਰਾਣਿ, ਸਾਹਿਸਾ ਹਾਣਿ ਗਣਿਜੈ ॥<br>
ਤ੍ਰਿਭਵਣ ਮਹੀਪ ਸੁਰ ਨਰ ਅਸੁਰ ਨੇਤ ਨੇਤ, ਬਨ ਤ੍ਰਿਣ ਕਹਤ ॥<br>
ਤ੍ਵ ਸਰਬ ਨਾਮ ਕਥੈ ਕਵਨ ਕਰਮ ਨਾਮ ਬਰਨਤ ਸੁਮਤ ॥<br>
(ਜਾਪੁ ਸਾਹਿਬ)

'ਜਾਪੁ' ਸਾਹਿਬ ਵਿੱਚ ਸਤਿਗੁਰਾਂ ਨੇ ਪ੍ਰਭੂ ਦੇ ਅਨੇਕਾਂ ਨਾਮ ਵਰਨਣ ਕੀਤੇ ਹਨ ਜੋ ਉਸ ਦੀਆਂ ਵੱਖ-ਵੱਖ ਸਿਫਤਾਂ ਨੂੰ ਜ਼ਾਹਰ ਕਰਦੇ ਹਨ । ਇਹ ਬਾਣੀ ਨਾਮ ਸਿਮਰਨ ਦਾ ਇੱਕ ਵਧੀਆ ਸਾਧਨ ਹੈ । 'ਅਕਾਲ ਉਸਤਤਿ' ਨਾਂ ਦੀ ਬਾਣੀ ਦੇ ਨਾਮ ਤੋਂ ਹੀ ਸਪੱਸ਼ਟ ਹੈ ਕਿ ਇਹ ਬਾਣੀ ਪ੍ਰਭੂ ਦੀ ਸਿਫਤ ਸਲਾਹ ਨਾਮ ਭਰਪੂਰ ਹੈ ।

(2) ਨਾਮ ਸਿਮਰਨ ਦੀ ਪ੍ਰੇਰਨਾ - ੩੩'ਸਵੱਈਏ' ਨਾਮ ਦੀ ਬਾਣੀ ਵਿੱਚ ਪਹਿਲੇ ਗਿਆਰਾਂ ਸਵੱਈਆਂ ਵਿੱਚ ਪ੍ਰਭੂ ਦੇ ਗੁਣਾਂ ਦਾ ਬਿਆਨ ਕਰਨ ਮਗਰੋਂ, ਪ੍ਰਭੂ ਦਾ ਨਾਮ ਜਪਣ ਦੀ ਪ੍ਰੇਰਨਾ ਦਿੱਤੀ ਗਈ ਹੈ । ਉਨ੍ਹਾਂ ਵਿੱਚੋਂ ਇਹ

ਸਵੱਈਆ ਉਦਾਹਰਣ ਲਈ ਹੇਠਾਂ ਦਿੱਤਾ ਜਾਂਦਾ ਹੈ -

ਬੇਦ ਕਤੇਬ ਨ ਭੇਦ ਲਹਜੋ
ਤਿਹਿ ਸਿੱਧ ਸਮਾਧਿ ਸਭੈ ਕਰਿ ਹਾਰੇ ॥
ਸਿੰਮ੍ਰਿਤ ਸ਼ਾਸਤ੍ਰ ਬੇਦ ਸਭੈ
ਬਹੁ ਭਾਂਤਿ ਪੁਰਾਨ ਬਿਚਾਰ ਬੀਚਾਰੇ ॥
ਆਦਿ ਅਨਾਦਿ ਅਗਾਧਿ ਕਥਾ
ਧ੍ਰਅ ਸੇ ਪ੍ਰਹਿਲਾਦਿ ਅਜਾਮਲ ਤਾਰੇ ॥
ਨਾਮੁ ਉਚਾਰ ਤਰੀ ਗਨਿਕਾ
ਸੋਈ ਨਾਮ ਅਧਾਰ ਬੀਚਾਰ ਹਮਾਰੇ ॥ ੧੦ ॥

'ਅਕਾਲ ਉਸਤਤਿ' ਵਿੱਚ ਉਹ ਦਸ ਸਵੱਈਏ ਵੀ ਹਨ, ਜੋ ਅੰਮ੍ਰਿਤ ਛਕਾਉਣ ਵੇਲੇ ਪੜ੍ਹੇ ਜਾਂਦੇ ਹਨ ਅਤੇ ਸਿੱਖ ਨੂੰ ਇਹਨਾਂ ਦਾ ਰੋਜ਼ਾਨਾ ਪਾਠ ਕਰਨ ਦੀ ਹਦਾਇਤ ਹੈ । ਇਨ੍ਹਾਂ ਵਿੱਚ ਵੀ ਪ੍ਰਭੂ ਦੇ ਨਾਮ ਸਿਮਰਨ ਦੀ ਜ਼ੋਰਦਾਰ ਪ੍ਰੇਰਨਾ ਕੀਤੀ ਗਈ ਹੈ ।

-ਸਾਰੇ ਹੀ ਦੇਸ ਕੋ ਦੇਖਿ ਰਹਜੋ
ਮਤ ਕੋਊ ਨ ਦੇਖੀਅਤ ਪ੍ਰਾਨਪਤੀ ਕੇ ॥
ਸ੍ਰੀ ਭਗਵਾਨ ਕੀ ਭਾਇ ਕ੍ਰਿਪਾ ਹੂੰ
ਤੇ ਏਕ ਰਤੀ ਬਿਨੁ ਏਕ ਰਤੀ ਕੇ ॥ ੧ ॥
-ਭੂਤ ਭਵਿੱਖ ਭਵਾਨ ਕੇ ਭੂਪਤਿ
ਕਉਨ ਗਨੈ ਨਹੀ ਜਾਤ ਬਿਚਾਰੇ ॥
ਸ੍ਰੀ ਪਤਿ ਸ੍ਰੀ ਭਗਵਾਨ ਭਜੇ ਬਿਨੁ
ਅੰਤ ਕਉ ਅੰਤ ਕੇ ਧਾਮ ਸਿਧਾਰੇ ॥ ੩ ॥
- ਜੇ ਨਰ ਸ੍ਰੀ ਪਤਿ ਕੇ ਪ੍ਰਸ ਹੈਂ
ਪਗ ਤੇ ਨਰ ਫੇਰ ਨ ਦੇਹ ਧਰੈਂਗੇ ॥ ੮ ॥
- ਸਾਚੁ ਕਹੌਂ ਸੁਨ ਲੇਹੁ ਸਭੈ
ਜਿਨ ਪ੍ਰੇਮੁ ਕੀਓ ਤਿਨ ਹੀ ਪ੍ਰਭੁ ਪਾਇਓ ॥ ੯ ॥

ਚੌਪਈ ਪਾ: ੧੦ (ਅਕਾਲ ਉਸਤਤਿ) ਵਿੱਚ ਨਾਮ ਸਿਮਰਨ ਦੀ ਇੰਝ ਪ੍ਰੇਰਨਾ ਦਿੱਤੀ ਗਈ ਹੈ : ਸਭ ਕੋ ਕਾਲ ਸਭਨ ਕੋ ਕਰਤਾ ॥
ਰੋਗ ਸੋਗ ਦੋਖਨ ਕੋ ਹਰਤਾ ॥
ਏਕ ਚਿੱਤ ਜਿਹ ਇਕ ਛਿਨ ਧਜਾਇਓ ॥
ਕਾਲ ਫਾਸ ਕੇ ਬੀਚ ਨ ਆਇਓ ॥

(3) ਅਵਤਾਰਵਾਦ ਦਾ ਖੰਡਨ - ਦਸਮੇਸ਼ ਜੀ ਨੇ ਅਵਤਾਰਵਾਦ ਨੂੰ ਨਹੀਂ ਮੰਨਿਆ । ਆਪ ਨੇ ਇਸ ਗੱਲ ਨੂੰ ਜ਼ੋਰ ਨਾਲ ਪਰਚਾਰਇਆ ਹੈ ਕਿ ਪ੍ਰਭੂ (ਭਗਵਾਨ) ਜਨਮ ਨਹੀਂ ਲੈਂਦਾ ਤੇ ਨਾ ਹੀ ਮਰਦਾ ਹੈ । ਇਸ ਲਈ ਉਨ੍ਹਾਂ ਦੇ ਵੀ-ਦੇਵਤਿਆਂ ਨੂੰ ਰੱਬ ਨਹੀਂ ਮੰਨਣਾ ਚਾਹੀਦਾ ਜੋ ਕਦੇ ਜੰਮੇ ਸਨ ਤੇ ਮਰ ਵੀ ਗਏ । ਪੂਜਾ ਵਾਹਿਗੁਰੂ ਦੀ ਹੀ ਕਰਨੀ ਚਾਹੀਦੀ ਹੈ ਦੇਵੀ ਦੇਵਤਿਆਂ ਦੀ ਨਹੀਂ -

ਜੌਂ ਕਹੌਂ ਰਾਮ ਅਜੋਨਿ ਅਜੈ ਅਤਿ ਕਾਹੇ ਕੌਂ ਕੌਸ਼ਲ ਕੁੱਖ ਜਯੋ ਜੂ ॥
ਕਾਲਹੂੰ ਕਾਲ ਕਹੈ ਜਿਹਿ ਕੋ ਕਿਹ ਕਾਰਣ ਕਾਲ ਤੇ ਦੀਨ ਭਯੋ ਜੂ ॥
ਸੱਤ ਸਰੂਪ ਬਿਬੈਰ ਕਹਾਇ ਸੁ ਕਜੋਂ ਪਥ ਕੌਂ ਰਥ ਹਾਂਕ ਧਯੋ ਜੂ ॥
ਤਾਹੀ ਕੋ ਮਾਨਿ ਪ੍ਰਭੂ ਕਰਿ ਕੈ ਜਿਹ ਕੋ ਕੋਊ ਭੇਦੁ ਨਾ ਲੇ ਨ ਲਯੋ ਜੂ ॥

(੩੩ ਸਵੱਈਏ)

ਉਪਰੋਕਤ ਸਵੱਈਏ ਵਿੱਚ ਸ੍ਰੀ ਰਾਮ ਚੰਦਰ ਜੀ ਤੇ ਸ੍ਰੀ ਕ੍ਰਿਸ਼ਨ ਜੀ ਦੇ ਸ਼ਰਧਾਲੂਆਂ ਨੂੰ ਕਿਹਾ ਹੈ ਕਿ ਇੱਕ ਪਾਸੇ ਤੁਸੀਂ ਵਾਹਿਗੁਰੂ ਨੂੰ ਅਜੋਨੀ ਤੇ ਅਜਨਮਾ ਕਹਿੰਦੇ ਹੋ, ਪਰ ਦੂਜੇ ਪਾਸੇ ਇਹ ਕਿਉਂ ਨਹੀਂ ਸੋਚਦੇ ਕਿ ਅਜਨਮਾ ਪ੍ਰਭੂ ਦਸਰਥ ਦਾ ਪੁੱਤਰ ਬਣ ਕੇ ਮਾਤਾ ਕੁਸ਼ਲਿਆ ਦੀ ਕੁੱਖ ਰਾਹੀਂ ਕਿਉਂ ਪੈਦਾ ਹੋਇਆ ? ਸ੍ਰੀ ਕ੍ਰਿਸ਼ਨ ਜੀ ਬਾਰੇ ਕਹਿੰਦੇ ਹਨ ਕਿ ਜੋ ਤੁਸੀਂ ਕ੍ਰਿਸ਼ਨ ਨੂੰ ਕਾਲ-ਰਹਿਤ ਪ੍ਰਭੂ ਕਹਿੰਦੇ ਹੋ ਤਾਂ ਉਹ ਕਿਸ ਕਾਰਨ ਸਮੇਂ ਦੇ ਗੇੜ ਅੱਗੇ ਅੜ ਨਾ ਸਕਿਆ । ਪ੍ਰਭੂ ਤਾਂ ਸੰਤ-ਰੂਪ ਅਤੇ ਵੈਰ ਈਰਖਾ ਰਹਿਤ ਹੈ, ਪਰ ਕ੍ਰਿਸ਼ਨ ਨੇ ਮਹਾਂ ਭਾਰਤ ਦੀ ਲੜਾਈ ਵਿੱਚ ਕੌਰਵਾਂ ਦੇ ਖਿਲਾਫ ਪਾਂਡਵਾਂ ਦੀ ਮੱਦਦ ਕੀਤੀ ਅਤੇ ਅਰਜਨ ਦਾ ਰੱਥ ਵੀ ਹੱਕਿਆ । ਹੇਠਲੇ ਸਵੱਈਏ ਵਿੱਚ ਪਾਤਸ਼ਾਹ ਫੁਰਮਾਉਂਦੇ ਹਨ ਕਿ ਜਦ ਰੱਬ ਦਾ ਕੋਈ ਮਾਂ-ਬਾਪ ਨਹੀਂ ਹੈ, ਤਾਂ ਫਿਰ ਰੱਬ ਕ੍ਰਿਸ਼ਨ ਦੇ ਰੂਪ ਵਿੱਚ ਵਾਸੂਦੇਵ ਅਤੇ ਦੇਵਕੀ ਦੇ ਘਰ ਕਿਉਂ ਜਨਮਿਆਂ ?

ਕਜੋ ਕਹੁ ਕ੍ਰਿਸ਼ਨ ਕ੍ਰਿਪਾਨਿਧ ਹੈ ਕਿਹ ਕਾਜ ਤੇ ਬੱਧਕ ਬਾਣ ਲਗਾਯੋ ॥
ਅਉਰ ਕੁਲੀਨ ਉਧਾਰਤ ਜੋ ਕਿਹ ਤੇ ਅਪਨੋ ਕੁਲ ਨਾਸੁ ਕਰਾਯੋ ॥
ਆਦਿ ਅਜੋਨਿ ਕਹਾਇ ਕਹੋ ਕਿਮ ਦੇਵਕਿ ਕੇ ਜਠਰੰਤਰ ਆਯੋ ॥
ਤਾਤ ਨਾ ਮਾਤ ਕਹੈ ਜਿਹ ਕੋ ਤਿਹ ਕਜੋਂ ਬਸੁਦੇਵਹਿ ਬਾਪੁ ਕਹਾਯੋ ।

(੩੩ ਸਵੱਈਏ)

ਗੁਰੂ ਜੀ ਫੁਰਮਾਉਂਦੇ ਹਨ ਕਿ ਕੋਈ, ਬ੍ਰਹਮਾ (ਦਿਜੇਸ਼) ਨੂੰ ਮੰਨਦਾ ਹੈ, ਕੋਈ ਸ਼ਿਵ (ਮਹੇਸ਼) ਨੂੰ ਰੱਬ ਕਰਕੇ ਦੱਸ ਰਿਹਾ ਹੈ, ਜਿਸ ਦਾ ਸਿਮਰਨ ਕਰਨ ਨਾਲ ਢੇਰਾਂ ਪਾਪ ਕੱਟੇ ਜਾ ਸਕਦੇ ਹਨ । ਗੁਰੂ ਜੀ ਅਜਿਹੇ ਮਨੁੱਖ ਨੂੰ ਤਾੜਨਾ ਕਰਦੇ ਹੋਏ ਕਹਿੰਦੇ ਹਨ ਹੇ ਮੂਰਖ ਇਨਸਾਨ ! ਤੂੰ ਧਿਆਨ ਲਾ ਕੇ ਵਾਰ-ਵਾਰ ਸੋਚ ਤੇ ਸਹੀ ਨਤੀਜੇ ਤੇ ਅਪੜ । ਅੰਤ ਵਿੱਚ ਇਹਨਾਂ ਦੇਵੀ ਦੇਵਤਿਆਂ ਨੇ ਤੇਰਾ ਸਾਥ ਨਹੀਂ ਦੇਣਾ । ਤੂੰ ਉਸੇ ਪ੍ਰਭੂ ਦਾ ਧਿਆਨ ਆਪਣੇ ਹਿਰਦੇ ਵਿੱਚ ਦ੍ਰਿੜ ਕਰ ਜੋ ਬੀਤ ਚੁੱਕੇ ਸਮੇਂ ਵਿੱਚ ਵੀ ਵਾਹਿਦ ਹਸਤੀ ਸੀ, ਹੁਣ ਵਰਤਮਾਨ ਵਿੱਚ ਵੀ ਸਰਬ ਸ਼ਕਤੀਮਾਨ ਰੂਪ ਵਿੱਚ ਵੀ ਮੌਜੂਦ ਹੈ ਅਤੇ ਜਿਸਦੀ ਹਸਤੀ (ਹੋਂਦ) ਆਉਣ ਵਾਲੇ ਸਮੇਂ ਵਿੱਚ ਵੀ ਹਮੇਸ਼ਾਂ ਲਈ ਕਾਇਮ ਰਹੇਗੀ ।

ਕੋਊ ਦਿਜੇਸ਼ ਕੋ ਮਾਨਤ ਹੈ ਅਰੁ ਕੋਊ ਮਹੇਸ਼ ਕੋਂ ਏਸ਼ ਬਤੈ ਹੈ ॥
ਕੋਊ ਕਹੈ ਬਿਸ਼ਨੋ ਬਿਸ਼ਨਾਇਕ ਜਾਹਿ ਭਜੇ ਅਘ ਓਘ ਕਟੈ ਹੈ ॥
ਬਾਰ ਹਜ਼ਾਰ ਬਿਚਾਰ ਅਰੇ ਜੜ ਅੰਤ ਸਮੈ ਸਭ ਹੀ ਤਜਿ ਜੈ ਹੈ ॥
ਤਾਹੀ ਕੋ ਧਜਾਨ ਪ੍ਰਮਾਨਿ ਹੀਏ
ਜੋਊ ਥੇ ਅਬ ਹੈ ਅਰੁ ਆਗੈਊ ਹ੍ਵੈ ਹੈ ॥ ੧੬ ॥

(੩੩ ਸਵੱਈਏ)

ਦੇਵੀ-ਦੇਵਤਿਆਂ ਦਾ ਖੰਡਨ ਕਰਦਿਆਂ ਕਹਿੰਦੇ ਹਨ ਦੁਰਗਾ ਵਰਗੀਆਂ ਦੇਵੀਆਂ ਪ੍ਰਭੂ ਦੇ ਚਰਨਾਂ ਵਿੱਚ ਰਹਿੰਦੀਆਂ ਹਨ । (ਪ੍ਰਭੂ ਸਾਹਮਣੇ ਬਹੁਤ ਹੀ ਤੁੱਛ ਹਨ ।) ਬ੍ਰਹਮਾ ਵਿਸ਼ਨੂੰ ਤੇ ਮਹੇਸ਼ ਪ੍ਰਭੂ ਦਾ ਅੰਤ ਨਹੀ ਪਾ ਸਕਦੇ, ਅਤੇ ਪ੍ਰਭੂ ਨੇ ਕਰੋੜਾਂ ਇੰਦਰ, ਵਾਮਨ ਅਵਤਾਰ, ਸ਼ਿਵ ਪੈਦਾ ਕੀਤੇ ਹਨ, ਇਸ ਲਈ ਪ੍ਰਭੂ ਨੂੰ ਹੀ ਨਮਸਕਾਰ ਕਰਨੀ ਚਾਹੀਦੀ ਹੈ-

ਅਨਹਦ ਰੂਪ ਅਨਾਹਦ ਬਾਨੀ ॥
ਚਰਨ ਸ਼ਰਨ ਜਿਹ ਬਸਤ ਭਵਾਨੀ ॥

ਬ੍ਰਹਮਾ ਬਿਸ਼ਨ ਅੰਤੁ ਨਹੀ ਪਾਇਓ ॥
ਨੇਤਿ ਨੇਤਿ ਮੁਖ ਚਾਰ ਬਤਾਇਓ ॥੫॥
ਕੋਟਿ ਇੰਦ੍ਰ ਉਪਇੰਦ੍ਰ ਬਨਾਏ ॥
ਬ੍ਰਹਮਾ ਰੁਦ੍ਰ ਉਪਾਇ ਖਪਾਇ ॥
ਲੋਕ ਚਤ੍ਰ ਦਸ ਖੇਲ ਰਚਾਇਓ ॥
ਬਹੁਰ ਆਪ ਹੀ ਬੀਚ ਮਿਲਾਇਓ ॥੬॥ (ਅਕਾਲ ਉਸਤਤਿ)

(4) ਕਰਮ ਕਾਂਡਾਂ ਦੀ ਵਿਰੋਧਤਾ - ਗੁਰਮਤਿ ਦੇ ਪ੍ਰਕਾਸ਼ ਤੋਂ ਪਹਿਲਾਂ ਭਾਰਤ ਵਿੱਚ ਕਈ ਅਜਿਹੇ ਧਰਮ-ਕਰਮ ਪ੍ਰਚਲਿਤ ਸਨ, ਜੋ ਮਾਇਆ ਤੋਂ ਬਚਣ ਅਤੇ ਮੁਕਤੀ ਪ੍ਰਾਪਤ ਕਰਨ ਲਈ ਕੀਤੇ ਜਾਂਦੇ ਸਨ, ਜਿਵੇਂ ਕਿ ਤੀਰਥ ਇਸ਼ਨਾਨ, ਮੂਰਤੀ ਪੂਜਾ, ਘਰ ਬਾਰ ਦਾ ਤਿਆਗ ਤੇ ਜੰਗਲੀ ਨਿਵਾਸ , ਸਰੀਰ ਨੂੰ ਕਸ਼ਟ ਦੇਣ ਵਾਲੇ ਤਪ, ਦਾਨ ਪੁੰਨ ਅਤੇ ਤਰ੍ਹਾਂ -ਤਰ੍ਹਾਂ ਦੇ ਭੇਖਾਂ ਦਾ ਧਾਰਨਾ । ਸਿੱਖ ਗੁਰੂਆਂ ਅਤੇ ਅਨੇਕਾਂ ਭਗਤਾਂ ਨੇ ਇਹਨਾਂ ਕਰਮ-ਕਾਂਡਾਂ ਦਾ ਘੋਰ ਵਿਰੋਧ ਕੀਤਾ ਸੀ । ਗੁਰੂ ਗੋਬਿੰਦ ਸਿੰਘ ਜੀ ਨੇ ਅਜਿਹੇ ਵਿਸ਼ਵਾਸ਼ਾਂ ਅਤੇ ਕਿਰਿਆਵਾਂ ਉੱਤੇ ਵਿਅੰਗ ਕਸਦਿਆਂ ਹੋਇਆਂ ਇਨ੍ਹਾਂ ਦੇ ਖੋਖਲੇਪਨ ਨੂੰ ਪ੍ਰਗਟ ਕੀਤਾ ਹੈ । ਆਪ ਨੇ ਲੋਕਾਂ ਨੂੰ ਸਮਝਾਇਆ ਹੈ ਕਿ ਇਹਨਾਂ ਕਰਮ-ਕਾਂਡਾਂ ਦੀ ਧਰਮ ਨਾਲ ਕੋਈ ਸਾਂਝ ਨਹੀ ਹੈ, ਸਗੋ ਇਹ ਤਾਂ ਪ੍ਰਭੂ ਪ੍ਰਾਪਤੀ ਦੇ ਰਾਹ ਵਿੱਚ ਰੁਕਾਵਟ ਹਨ ।

(ੳ) ਮੂਰਤੀ ਪੂਜਾ - ਬੁੱਤ ਪੂਜਾ ਅਥਵਾ ਪੱਥਰ ਪੂਜਾ ਦਾ ਵਿਰੋਧ ਕਰਦਿਆਂ ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਇਹ ਪ੍ਰਮਾਤਮਾ ਦੀ ਪ੍ਰਾਪਤੀ ਦਾ ਕੋਈ ਵਸੀਲਾ ਨਹੀਂ । ਪੂਜਾ ਅਕਾਲ ਪੁਰਖ ਦੀ ਕਰਨੀ ਚਾਹੀਦੀ ਹੈ, ਜਿਸ ਨਾਲ ਸਾਰੇ ਦੁੱਖ ਦੂਰ ਹੁੰਦੇ ਹਨ ।

ਕਾਹੇ ਕਉ ਪੂਜਤ ਪਾਹਨ ਕਉ ਕਛੁ ਪਾਹਨ ਮੈ ਪਰਮਸ਼ਰ ਨਾਹੀ ॥
ਤਾਹੀ ਕੋ ਪੂਜ ਪ੍ਰਭੂ ਕਰਿ ਕੈ ਜਿਹ ਪੂਜਤ ਹੀ ਅਘ ਓਘ ਮਿਟਾਹੀ ॥
ਆਧਿ ਬਿਆਧਿ ਕੇ ਬੰਧਨ ਜੇਤਕ ਨਾਮ ਕੇ ਲੇਤ ਸਭੈ ਛੁਟਿ ਜਾਹੀ ॥
ਤਾਹੀ ਕੋ ਧਯਾਨੁ ਪ੍ਰਮਾਨ ਸਦਾ ਇਨ ਫੋਕਟ ਧਰਮ ਕਰੇ ਫਲੁ ਨਾਹੀ ॥

ਗੁਰੂ ਜੀ ਕਬਰਾਂ, ਮੜ੍ਹੀਆਂ ਤੇ ਮਕਬਰਿਆਂ ਦੀ ਪੂਜਾ ਨੂੰ ਪਾਪ ਹੀ ਆਖਦੇ ਹਨ । ਆਪ ਫੁਰਮਾਉਂਦੇ ਹਨ ਕਿ ਪੱਥਰ ਦੀ ਸਿਲਾ ਦੀ ਕਰੋੜਾਂ ਸਾਲ ਤੱਕ ਵੀ ਪੂਜਾ ਕੀਤੀ ਜਾਏ, ਤਾਂ ਵਕਤ ਹੀ ਜ਼ਾਇਆ ਹੁੰਦਾ ਹੈ । ਮੂਰਤੀ ਪੂਜਾ ਨਾਲ ਕੁਝ ਪ੍ਰਾਪਤ ਨਹੀਂ ਹੁੰਦਾ । ਮੂਰਤੀ ਪੂਜਕ ਨੂੰ ਸੰਬੋਧਨ ਕਰਦਿਆਂ ਕਹਿੰਦੇ ਹਨ ਕਿ ਤੂੰ ਸਾਰਾ ਸਮਾਂ ਹੀ ਮੂਰਤੀ ਪੂਜਾ ਵਿੱਚ ਨਸ਼ਟ ਕਰ ਦਿੱਤਾ, ਤੈਨੂੰ ਸ਼ਰਮ ਕਿਉਂ ਨਹੀਂ ਆਉਂਦੀ । ਹੇ ਜੜ ! (ਭਾਵ ਬੁੱਧੂ) ਤੂੰ ਈਸ਼ਵਰ ਨੂੰ ਤਾਂ ਯਾਦ ਨਹੀ ਕੀਤਾ ਤੇ ਬੁਤ ਹੀ ਪੂਜਦਾ ਰਿਹ ਹੈਂ, ਇੰਞ ਤੂੰ ਸਾਰੀ ਉਮਰ ਵਿਅਰਥ ਹੀ ਗੁਆ ਲਈ ਹੈ -

ਫੋਕਟ ਧਰਮ ਭਯੋ ਫਲ ਹੀਨ ਜੁ ਪੂਜ ਸਿਲਾ ਜੁਗਿ ਕੋਟ ਗਵਾਈ ॥
ਸਿੱਧ ਕਹਾ ਸਿਲ ਕੇ ਪਰਸੇ ਬਲ ਬ੍ਰਿੱਧ ਘਟੀ ਨਵਨਿੱਧ ਨ ਪਾਈ ॥
ਆਜੁ ਹੀ ਆਜੁ ਸਮੋ ਜੁ ਬਿਤਯੋ ਨਹਿ ਕਾਜ ਸਰਯੋ ਕਛੁ ਲਾਜ ਨ ਆਈ ।
ਸ੍ਰੀ ਭਗਵੰਤ ਭਜਯੋ ਨ ਅਰੇ ਜੜ ਐਸੇ ਹੀ ਐਸ ਸੁ ਬੈਸ ਗਵਾਈ ॥
(੩੩ ਸਵੱਈਏ)

(ਅ) ਤੀਰਥ ਇਸ਼ਨਾਨ-ਤੀਰਥਾਂ ਦੀ ਯਾਤਰਾ ਕਰਨ ਤੇ ਉਥੇ ਜਾ ਕੇ ਇਸ਼ਨਾਨ ਕਰਨ ਨੂੰ ਵੀ ਗੁਰੂ ਜੀ ਨੇ ਵਿਅਰਥ ਕੰਮ ਹੀ ਆਖਿਆ ਹੈ, ਭਾਵੇਂ ਕਿ ਬ੍ਰਾਹਮਣੀ ਕਰਨ ਨੂੰ ਵੀ ਗੁਰੂ ਜੀ ਨੇ ਵਿਅਰਥ ਕੰਮ ਹੀ ਆਖਿਆ ਹੈ, ਭਾਵੇ

ਕਿ ਬ੍ਰਾਹਮਣੀ ਮਤ ਤੇ ਅਨੁਯਾਈ ਇਸ ਨੂੰ ਮੁਕਤੀ ਦਾ ਸਾਧਨ ਮੰਨਦੇ ਸਨ । ਤੀਰਥ-ਇਸ਼ਨਾਨ ਬਾਰੇ ਗੁਰੂ ਜੀ ਦੇ ਕੁੱਝ ਵਿਚਾਰ ਹੇਠਾਂ ਅੰਕਿਤ ਹਨ -

-ਨ੍ਹਾਤ ਫਿਰਿਓ ਲੀਏ ਸਾਤ ਸਮੁਦ੍ਰਨ ਲੋਕ ਗਇਓ ਪਰਲੋਕ ਗਵਾਇਓ ॥
-ਤੀਰਥ ਕੋਟ ਕੀਏ ਇਸ਼ਨਾਨ ਦੀਏ ਬਹੁ ਦਾਨ ਮਹਾ ਬ੍ਰਤ ਧਾਰੇ ॥.—
ਦੀਨਦਇਆਲ ਅਕਾਲ ਭਜੇ ਬਿਨ ਅੰਤ ਕੋ ਅੰਤ ਕੇ ਧਾਮ ਸਿਧਾਰੇ ॥

(ੲ) ਜਪ-ਤਪ- ਭਾਰਤ ਵਿੱਚ ਮੁਕਤੀ ਦੀ ਖਾਤਰ ਜੰਗਲਾਂ ਵਿੱਚ ਜਾ ਕੇ ਤਪ-ਸਾਧਣ (ਸਰੀਰ ਨੂੰ ਅਨੇਕਾਂ ਤਰ੍ਹਾਂ ਦੇ ਕਸ਼ਟ ਦੇਣ) ਅਤੇ ਮੰਤਰਾਂ ਦੇ ਜਾਪ ਕਰਨ ਦੇ ਕਰਮ-ਕਾਂਡ ਵੀ ਬਹੁਤ ਪ੍ਰਚੱਲਿਤ ਸਨ । ਇਹਨਾਂ ਦਾ ਖੰਡਨ ਕਰਦਿਆਂ ਹੋਇਆਂ ਪਾਤਸ਼ਾਹ ਫੁਰਮਾਉਂਦੇ ਹਨ, ਜੇ ਤਪ ਸਾਧਣ ਨਾਲ ਪ੍ਰਮਾਤਮਾ ਮਿਲ ਸਕਦਾ ਹੁੰਦਾ ਤਾਂ ਸ਼ਿਵ ਜੀ ਅਤੇ ਬ੍ਰਹਮਾ ਦੇ ਪੁੱਤਰ ਸਨਤ ਕੁਮਾਰ ਨੂੰ ਤਾਂ ਜ਼ਰੂਰ ਮਿਲ ਗਿਆ ਹੁੰਦਾ ਜੋ ਕਿ ਮਹਾਂ-ਤਪੱਸਵੀ ਕਹੇ ਜਾਂਦੇ ਹਨ । ਸਤਿਗੁਰੂ ਦੇ ਸੱਚੇ ਗਿਆਨ ਦੀ ਪ੍ਰਾਪਤੀ ਤੋਂ ਬਿਨਾਂ ਰੱਬ ਨਹੀਂ ਮਿਲ ਸਕਦਾ-

ਸ਼ਿਵ ਤੇ ਤਪੱਸੀ ਆਦਿ ਬ੍ਰਹਮਾ ਸੇ ਨ ਬੇਦ ਚਾਰੀ
ਸਨਤ ਕੁਮਾਰ ਸੀ ਤਪੱਸਿਆ ਨ ਅਨਤ ਹੈ ॥
ਗਜਾਨ ਕੇ ਬਿਹੀਨ ਕਾਲ ਫਾਸ ਕੇ ਅਧੀਨ ਸਦਾ
ਜੁੱਗਨ ਕੀ ਚਉਕਰੀ ਫਿਰਾਏ ਹੀ ਫਿਰਤ ਹੈ ॥

(ਕਬਿੱਤ, ਅਕਾਲ ਉਸਤਤਿ)

ਜਪਾਂ-ਤਪਾਂ ਅਤੇ ਰਿਧੀਆਂ-ਸਿਧੀਆਂ ਆਦਿ ਫੋਕਟ ਕਰਮਾਂ ਦਾ ਵਿਰੋਧ ਕਰਦਿਆਂ ਸਤਿਗੁਰੂ ਕਹਿੰਦੇ ਹਨ । ਜੇ ਕਸ਼ਟ ਸਹਿਣ (ਤਪ ਸਾਧਣ) ਨਾਲ ਪ੍ਰਭੂ ਮਿਲ ਸਕਦਾ ਤਾਂ ਫੱਟੜਾਂ ਤੇ ਜ਼ਖਮੀਆਂ ਨੂੰ ਜ਼ਰੂਰ ਮਿਲਦਾ, ਜੇ ਮੰਤਰ-ਰਟਣ (ਜਾਪ) ਨਾਲ ਮਿਲ ਸਕਦਾ ਹੁੰਦਾ ਤਾਂ ਪੂਦਨੇ ਪੰਛੀ ਨੂੰ ਜ਼ਰੂਰ ਮਿਲਦਾ ਜੋ ਹਰ ਸਮੇਂ ਤੂਹੀਂ-ਤੂਹੀਂ ਰਟਦਾ ਰਹਿੰਦਾ ਹੈ, ਜੇ ਅਕਾਸ਼ ਵਿੱਚ ਉਡਣ ਨਾਲ ਪ੍ਰਭੂ ਦੀ ਪ੍ਰਾਪਤੀ ਸੰਭਵ ਹੁੰਦੀ ਤਾਂ ਅਨਲ-ਪੰਛੀ (ਜੋ ਸਦਾ ਅਕਾਸ਼ ਵਿੱਚ ਰਹਿੰਦਾ ਹੈ) ਨੂੰ ਰੱਬ ਦੀ ਪ੍ਰਾਪਤੀ ਹੋ ਜਾਂਦੀ । ਜਿਹੜੇ ਮਨੁੱਖ ਆਲੇ ਦੁਆਲੇ ਅੱਗ ਬਾਲ ਕੇ ਵਿੱਚ ਆਪ ਬਹਿ ਕੇ ਤਪ ਸਾਧਦੇ ਹਨ, ਉਹ ਸਤੀ ਹੋ ਰਹੀ ਉਸ ਵਿਧਵਾ ਵਰਗੇ ਹਨ ਜਿਸ ਦਾ ਪਤੀ ਮਰ ਗਿਆ ਹੋਵੇ । ਜੇ ਜ਼ਮੀਨ ਥਲੇ ਵਾਸ ਕਰਨ ਨਾਲ ਮੁਕਤੀ ਹੋ ਜਾਂਦੀ ਤਾਂ ਸੱਪ ਜ਼ਰੂਰ ਮੁਕਤ ਹੋ ਜਾਂਦੇ ।

(ਸ) ਹੋਰ ਫੋਕਟ ਕਰਮ- ਮੂਰਤੀ ਪੂਜਾ, ਤੀਰਥ ਇਸ਼ਨਾਨ, ਜਪ-ਤਪ ਆਦਿਕ ਫੋਕਟ ਕਰਮਾਂ ਤੋਂ ਸਿਵਾ ਹੋਰ ਵੀ ਸੈਂਕੜੇ ਅਜਿਹੇ ਕੰਮ ਨਾਲ ਜਿਨ੍ਹਾਂ ਨੂੰ ਕਰਕੇ ਲੋਕੀਂ ਆਪਣੇ ਆਪ ਨੂੰ ਧਰਮੀ ਅਖਵਾਉਂਦੇ ਸਨ । 'ਅਕਾਲ ਉਸਤਤਿ' ਦੇ ੨੦ ਕਬਿਤਾਂ, ਛੰਦ ਨੰ: ੭੧ ਤੋਂ ੯੦, ਵਿੱਚ ਸਤਿਗੁਰਾਂ ਨੇ ਅਜਿਹੇ ਕੰਮਾਂ ਦਾ ਖੂਬ ਮੌਜੂ ਉਡਾਇਆ ਹੈ । ਆਪ ਨੇ ਅਘੋਰੀ ਮਤ ਦੇ ਵਿਸ਼ਟਾ (ਗੰਦ-ਮੰਦ) ਖਾਣ ਵਾਲੇ 'ਯੋਗੀਆਂ' ਨੂੰ ਸੂਰ, ਵਿਭੂਤੀ ਲਾਉਣ (ਸਰੀਰ ਤੇ ਸੁਆਹ ਮਲਣ) ਵਾਲਿਆਂ ਨੂੰ ਗਧੇ, ਮੱਠਾਂ ਵਿੱਚ ਰਹਿਣ ਵਾਲਿਆਂ ਨੂੰ ਗਿੱਦੜ, ਉਦਾਸੀ ਧਾਰਨ ਕਰਨ ਵਾਲਿਆਂ ਨੂੰ ਹਿਰਨ, ਮੋਨ-ਵਰਤ ਧਾਰਨ ਕਰਨ ਵਾਲਿਆਂ ਨੂੰ ਦਰੱਖਤ, ਬ੍ਰਹਮਚਰਯ ਦੇ ਧਾਰਨੀਆਂ ਨੂੰ ਹਿਜੜੇ (ਖੁਸਰੇ), ਨੰਗੇ ਪੈਰੀਂ ਯਾਤਰਾ ਕਰਨ ਵਾਲਿਆਂ ਨੂੰ ਬਾਂਦਰ ਆਖਿਆ ਹੈ । ਇਸੇ ਤਰ੍ਹਾਂ ਦੁਧਾਧਾਰੀ ਸੰਤਾਂ (ਜੋ ਅੰਨ ਤਿਆਗ ਕੇ ਕੇਵਲ ਦੁੱਧ ਪੀਣ ਦਾ ਪਾਖੰਡ ਰਚਦੇ ਹਨ ਨੂੰ ਛੋਟੇ ਬੱਚੇ, ਜੰਗਲ-ਗਾਹੁਣ ਵਾਲਿਆਂ ਨੂੰ ਭੂਤ, ਪਾਉਣ-ਆਹਾਰੀਆਂ ਨੂੰ ਸੱਪ, ਕੰਦ-ਮੂਲ ਵਾਲਿਆਂ ਨੂੰ ਗਊਆਂ ਦੇ ਵਛੇਰੇ, ਰਿਧੀਆਂ-ਸਿਧੀਆਂ ਦੇ ਸਹਾਰੇ ਅਸਮਾਨ ਵਿੱਚ ਉਡਣ ਵਾਲਿਆਂ ਨੂੰ ਪੰਛੀ, ਸਮਾਧੀਆਂ ਲਾਉਣ ਵਾਲਿਆਂ ਨੂੰ ਬਗਲੇ, ਬਿਲੇ ਬਘਿਆੜ

ਆਦਿਕ ਆਖਿਆ ਹੈ :

ਇਹਨਾਂ ਵੀਹ ਕਬਿੱਤਾਂ ਵਿੱਚ ਗੁਰੂ ਜੀ ਨੇ ਰੱਬ ਦੀ ਯਾਦ ਵਿੱਚ ਕੂਕਾਂ ਮਾਰਨ ਵਾਲਿਆਂ, ਰੋਣ ਦਾ ਪਾਖੰਡ ਕਰਨ ਵਾਲਿਆਂ, ਗੰਗਾ ਆਦਿਕ ਨਦੀਆਂ ਤੇ ਨਿਵਾਸ ਕਰਨ ਵਾਲਿਆਂ, ਬਨਾਰਸ ਵਿੱਚ ਆਰੇ ਨਾਲ ਸਰੀਰ ਕਟਾਉਣ ਵਾਲਿਆਂ, ਮੌਨ ਰੱਖਣ ਵਾਲਿਆਂ, ਆਪਣੇ ਸਰੀਰ ਉੱਤੇ ਧਾਰਮਿਕ ਚਿੰਨ੍ਹਾਂ ਦੇ ਛਾਪੇ ਲਗਾਉਣ ਵਾਲਿਆਂ ਸੰਨਿਆਸੀ, ਡੰਡਧਾਰੀ ਜੋਗੀਆਂ, ਰਾਸਾਂ ਪਾਉਣ ਤੇ ਜਾਗੇ ਕੱਟਣ ਵਾਲਿਆਂ, ਮਸਤੀ ਦੀ ਦਸ਼ਾ ਪ੍ਰਗਟਾਉਣ ਲਈ ਸਿਰ ਮਾਰਨ ਵਾਲਿਆਂ, ਸੂਰਜ-ਚੰਦ ਦੀ ਪੂਜਾ ਕਰਨ ਵਾਲਿਆਂ ਆਦਿਕ ਦਾ ਕਰੜਾ ਖੰਡਨ ਕੀਤਾ ਹੈ । ਸਤਿਗੁਰਾਂ ਨੇ ਬਾਰ-ਬਾਰ ਸਮਝਾਇਆ ਹੈ ਕਿ ਕਰਮ ਨਾ ਤਾ ਮੁਕਤੀ ਦੇ ਸਾਧਨ ਹਨ,ਨਾ ਪ੍ਰਭੂ ਪ੍ਰਾਪਤੀ ਦੇ ਅਤੇ ਨਾ ਹੀ ਧਾਰਮਿਕ ਇਨਸਾਨਾਂ ਦੇ ਕੰਮ ਹੀ ਹਨ ।

ਗੁਰੂ ਪਾਤਸ਼ਾਹ ਨੇ ਕਰਮ-ਕਾਂਡਾਂ ਦੀ ਥਾਂ ਉਤੇ ਪ੍ਰਭੂ-ਅਕਾਲ ਪੁਰਖ ਨਾਲ ਪ੍ਰੇਮ ਪਾਉਣ ਦੀ ਪ੍ਰੇਰਨਾ ਕੀਤੀ ਹੈ :

ਕਹਾ ਭਯੋ ਜੋ ਦੋਊ ਲੋਚਨ ਮੂੰਦ ਕੈ
ਬੈਠਿ ਰਹਿਓ ਬੱਕ ਧਯਾਨ ਲਗਾਇਓ ॥
ਨ੍ਹਾਤ ਫਿਰਿਓ ਲੀਏ ਸਾਤ ਸਮੁੰਦ੍ਰਨ
ਲੋਕ ਗਇਓ ਪਰਲੋਕ ਗਵਾਇਓ ॥
ਬਾਸੁ ਕੀਓ ਬਿਖਿਆਨ ਸੋ ਬੈਠ ਕੈ
ਐਸੇ ਹੀ ਐਸੇ ਸੁ ਬੈਸ ਬਿਤਾਇਓ ॥
ਸਾਚੁ ਕਹੌਂ ਸੁਨ ਲੇਹੁ ਸਭੈ
ਜਿਨ ਪ੍ਰੇਮੁ ਕੀਓ ਤਿਨ ਹੀ ਪ੍ਰਭੁ ਪਾਇਓ ॥ (ਅਕਾਲ ਉਸਤਤਿ)

(5) ਮਾਨਵ ਏਕਤਾ - ਗੁਰੂ ਗੋਬਿੰਦ ਸਿੰਘ ਜੀ ਨੇ ਸਾਰੀ ਮਨੁੱਖਤਾ ਨੂੰ ਇੱਕ ਪ੍ਰਭੂ ਦੀ ਸੰਤਾਨ ਮੰਨਿਆ ਹੈ । ਵੱਖ-ਵੱਖ ਧਰਮਾਂ, ਦੇਸ਼ਾਂ-ਪ੍ਰਾਂਤਾਂ, ਇਲਾਕਿਆਂ, ਫਿਰਕਿਆਂ ਦੇ ਬਾਹਰੀ ਵਿਖੇਵਿਆਂ ਦੇ ਹੁੰਦਿਆਂ ਵੀ ਸਭ ਮਨੁੱਖ ਭਰਾ-ਭਰਾ ਹਨ, ਬਰਾਬਰ ਹਨ, ਕਿਉਂਕਿ ਸਭ ਸਾਂਝੇ ਪਿਤਾ ਪ੍ਰਭੂ ਦੀ ਸੰਤਾਨ ਹਨ । ਇਸ ਤਰ੍ਹਾਂ ਰੱਬ ਦੇ ਅਨੇਕਾਂ ਨਾਮ ਰੱਖ ਲੈਣ ਨਾਲ ਰੱਬ ਦੀ ਏਕਤਾ ਦਾ ਅਸੂਲ ਭੰਗ ਨਹੀਂ ਹੋ ਜਾਂਦਾ । ਰੱਬ ਇੱਕੋ ਹੀ ਹੈ, ਇਸ ਕਰਕੇ ਮਨੁੱਖ-ਜਾਤੀ (ਜਿਸ ਦਾ ਕਿ ਉਹ ਸਿਰਜਨਹਾਰ ਹੈ) ਦੀ ਇੱਕੋ ਹੀ ਇਕਾਈ ਸਮਝੀ ਜਾਣੀ ਚਾਹੀਦੀ ਹੈ :

ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ
ਕੋਊ ਬ੍ਰਹਮਚਾਰੀ ਕੋਊ ਜਤੀ ਅਨੁਮਾਨਬੋ ॥
ਹਿੰਦੂ ਤੁਰਕ ਕੋਊ ਰਾਫਜ਼ੀ ਇਮਾਮਸਾਫੀ
ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ ॥
ਕਰਤਾ ਕਰੀਮ ਸੋਈ ਰਾਜ਼ਕ ਰਹੀਮ ਓਈ
ਦੂਸਰੋ ਨ ਭੇਦ ਕੋਈ ਭੂਲ ਭ੍ਰਮ ਮਾਨਬੋ ॥
ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ
ਏਕ ਹੀ ਸਰੂਪ ਸਬੈ ਏਕੈ ਜੋਤ ਜਾਨਬੋ ॥ ੧੫ ॥ ੮੫ ॥

(6) ਸ਼ਕਤੀ ਦੀ ਵਰਤੋਂ - ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਸੰਤ ਸਿਪਾਹੀ ਬਣਾਇਆ ਸੀ । ਗੁਰੂ ਕੇ ਸਿੱਖ ਅਜਿਹੇ ਸੰਤ ਹਨ ਜੋ ਜੀਵਨ ਵਿੱਚ ਆਉਣ ਵਾਲੀਆਂ ਔਕੜਾਂ ਦੇ ਨਾਲ, ਵਿਕਾਰਾਂ ਦੇ ਨਾਲ, ਸਿਪਾਹੀਆਂ ਦੀ ਤਰ੍ਹਾਂ ਜੂਝਦੇ ਹਨ । ਇਸ ਤੋਂ ਸਿਵਾ ਅੱਤਿਆਚਾਰੀ ਹਾਕਮਾਂ ਨਾਲ ਜੇ ਮੱਥਾ ਡਾਹੁਣਾ ਪਵੇ , ਤਾਂ ਇਸ ਤੋਂ ਵੀ ਪਿਛੇ ਨਹੀਂ ਹਟਦੇ ਹਰ ਤਰ੍ਹਾਂ ਦੇ ਜਬਰ, ਜ਼ੁਲਮ, ਅਨਿਆ

ਨਾਲ ਜੂਝਣ ਦੀ ਸਿੱਖਿਆ ਸਾਰੇ ਗੁਰੂ ਸਾਹਿਬਾਨ ਨੇ ਹੀ ਦਿੱਤੀ ਹੈ ਅਤੇ ਆਪੂ ਅਗਵਾਈ ਵੀ ਦਿੱਤੀ ਹੈ । ਸਤਿਗੁਰਾਂ ਨੇ ਸ਼ਕਤੀ ਭਾਵ ਹਥਿਆਰਾਂ ਦੀ ਵਰਤੋਂ ਨੂੰ ਭੀ ਜਾਇਜ਼ ਠਹਿਰਾਇਆ ਹੈ ਪਰ ਉਸ ਲਈ ਇੱਕ ਸਿਧਾਂਤ ਬਣਾ ਦਿੱਤਾ ਹੈ ਕਿ ਸ਼ਕਤੀ ਦੀ ਵਰਤੋਂ ਤਾਂ ਹੀ ਜਾਇਜ਼ ਹੈ ਜੇ ਹੋਰ ਸਭ ਵਸੀਲੇ ਅਸਫਲ ਹੋ ਜਾਣ । ਜਦ ਗੁਰੂ ਅਰਜਨ ਦੇਵ ਪਾਤਸ਼ਾਹ ਦੀ ਸ਼ਹੀਦੀ ਮਗਰੋਂ ਵੀ ਜ਼ਾਲਮ ਸਰਕਾਰ ਨੇ ਆਪਣਾ ਰਾਹ ਨਾ ਬਦਲਿਆ ਤਾਂ ਛੇਵੇਂ ਪਾਤਸ਼ਾਹ ਨੇ ਸਿੱਖਾਂ ਦੀ ਸੈਨਾ ਬਣਾ ਕੇ, ਘੋੜੇ, ਹਥਿਆਰ ਤੇ ਹੋਰ ਜੰਗੀ ਸਾਮਾਨ ਇਕੱਤਰ ਕਰ ਕੇ ਮੁਗਲ ਸਰਕਾਰ ਨਾਲ ਜੰਗ-ਜੁੱਧ ਵੀ ਕੀਤੇ । ਇਸੇ ਤਰ੍ਹਾਂ ਜਦ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਮਗਰੋਂ ਵੀ ਔਰੰਗਜ਼ੇਬ ਨੇ ਆਪਣੀ ਧਾਰਮਿਕ ਨੀਤੀ ਨਾ ਬਦਲੀ ਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਨੰਦਪੁਰ ਨੂੰ ਅਧਿਆਤਮਕ-ਕੇਂਦਰ ਤੇ ਵਿਦਿਅਕ-ਕੇਂਦਰ ਦੇ ਨਾਲ ਨਾਲ ਜੁੱਧ ਕਲਾ ਦਾ ਕੇਂਦਰ ਵੀ ਬਣਾ ਲਿਆ । ਆਪ ਉਮਰ ਭਰ ਜਾਤਿ ਅਭਿਮਾਨੀ, ਕੱਟੜ ਪੰਥੀਆਂ ਤੇ ਤਾਕਤ ਦੇ ਨਸ਼ੇ ਵਿੱਚ ਅੰਨੀ ਮੁਗ਼ਲ ਸਰਕਾਰ ਨਾਲ ਜੰਗ ਜੁੱਧ ਕਰਦੇ ਰਹੇ । ਸ਼ਕਤੀ ਦੀ ਵਰਤੋਂ ਬਾਰੇ ਸਤਿਗੁਰਾਂ ਜ਼ਫਰਨਾਮੇ ਵਿੱਚ ਸਪਸ਼ੱਟ ਲਿਖਿਆ ਹੈ ਕਿ ਜਦੋਂ ਕੋਈ ਕੰਮ, ਸਾਰੇ ਹੀਲੇ, ਉਪਾਵਾਂ ਤੋਂ ਲੰਘ ਜਾਵੇ ਤਾਂ ਹੱਥ ਵਿੱਚ ਤਲਵਾਰ ਲੈਣੀ ਹੀ ਜਾਇਜ ਹੈ-

ਚੁੰਕਾਰ ਅਜ਼ ਹਮਹ ਹੀਲ ਤੇ ਦਰਗੁਜ਼ਸਤ ॥
ਹਲਾਲ ਅਸਤ ਬੁਰਦਨ ਬਸ਼ਮਸ਼ੀਰ ਦਸਤ ॥

(7) ਖਾਲਸੇ ਦੀ ਵਿਆਖਿਆ - ਉਪਰ ਅਸੀਂ ਇਹ ਪੜ੍ਹ ਆਏ ਹਾਂ ਕਿ ਗੁਰੂ ਸਾਹਿਬ ਮਨੁੱਖੀ ਏਕਤਾ ਦੇ ਮੁੱਦਈ ਸਨ । ਪਰ ਇੱਕ ਗੱਲ ਬੜੀ ਸਪਸ਼ੱਟ ਹੈ ਕਿ ਆਪ ਇਹ ਜ਼ਰੂਰ ਪ੍ਰਚਾਰਦੇ ਸਨ ਕਿ ਸਿੱਖ ਮੱਤ ਇੱਕ ਨਿਆਰਾ ਮਤ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਤੇ ਦਸਮ ਪਿਤਾ ਜੀ ਦੀ ਬਾਣੀ ਤੋਂ ਇਹ ਸਪਸ਼ੱਟ ਹੈ ਕਿ ਗੁਰੂ ਸਾਹਿਬਾਨ ਨੇ ਗਲਤ ਵਿਚਾਰਧਾਰਾਵਾਂ, ਵਿਸ਼ਵਾਸਾਂ ਅਤੇ ਰੀਤੀ-ਰਿਵਾਜ਼ਾਂ ਦਾ ਖੁੱਲ੍ਹ ਕੇ ਵਿਰੋਧ ਕੀਤਾ ਹੈ ਅਤੇ ਲੋਕਾਂ ਨੂੰ ਵਾਰ-ਵਾਰ ਇਹ ਸਮਝਾਇਆ ਹੈ ਕਿ ਗੁਰਮਤਿ-ਗਾਡੀ ਰਾਹ ਤੇ ਚੱਲਣ ਨਾਲ ਹੀ ਉਨ੍ਹਾਂ ਦਾ ਲੋਕ ਪ੍ਰਲੋਕ ਸੁਧਾਰ ਸਕਦਾ ਹੈ-

ਗੁਰੂ ਗੋਬਿੰਦ ਸਿੰਘ ਜੀ ਨੇ ਆਦਿ ਗੁਰੂ, ਸਤਿਗੁਰੂ ਨਾਨਕ ਪਾਤਸ਼ਾਹ ਦੁਆਰਾ ਸਥਾਪਿਤ ਸੰਗਤਾਂ ਨੂੰ 'ਖਾਲਸਾ ਪੰਥ ਦਾ ਰੂਪ ਦੇ ਦਿੱਤਾ ਅਤੇ 'ਸਿੱਖ' ਖਾਲਸਾ ਕਹਾਉਣ ਲੱਗ ਪਏ । ਗੁਰੂ ਜੀ ਨੇ ਖ਼ਾਲਸੇ ਦੀ ਜੋ ਵਿਆਖਿਆ ਕੀਤੀ ਹੈ, ਉਸ ਅਨੁਸਾਰ ਖ਼ਾਲਸਾ ਉਹ ਹੈ ਜੋ ਗੁਰਮਤਿ ਦਾ ਧਾਰਨੀ ਹੈ ਤੇ ਅਨਮਤੀ ਵਿਸ਼ਵਾਸ਼ਾਂ ਨੂੰ ਮੰਨਦਾ । ਆਪ ਫੁਰਮਾਉਂਦੇ ਹਨ-

ਜਾਗਤਿ ਜੋਤ ਜਪੈ ਨਿਸ ਬਾਸੁਰ ਏਕ ਬਿਨਾ ਮਨ ਨੈਕ ਨ ਆਨੈ ॥
ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ ॥
ਤੀਰਥ ਦਾਨ ਦਇਆ ਤਪ ਸੰਜਮ ਏਕ ਬਿਨਾ ਨਹ ਏਕ ਪਛਾਨੈ ।
ਪੂਰਨ ਜੋਤ ਜਗੈ ਘਟ ਮੈ ਤਬ ਖਾਲਸ ਤਾਹਿ ਨਖਾਲਸ ਜਾਨੈ ॥
(੩੩ ਸਵਈਏ )

-(ਸਿੱਖ ਮਿਸ਼ਨਰੀ ਕਾਲਜ (ਰਜਿ:) ਲੁਧਿਆਣਾ ਦੀ ਪ੍ਰਕਾਸ਼ਨਾਂ ਵਿੱਚੋਂ)

# ਵਿਸ਼ੇਸ਼ ਭਾਗ ਬਾਬਾ ਜਗਤਾ ਜੀ ਸਾਹਿਬ

ੴ ਸਤਿਗੁਰ ਪ੍ਰਸਾਦਿ ॥

ਬਾਬਾ ਜਗਤਾ ਜੀਉ ਜੁਗਹ ਜੁਗ ਜੋਗੀ ਪਰਮ ਤੰਤ ਮਹਿ ਜੋਗੀ ॥
ਅੰਮ੍ਰਿਤੁ ਨਾਮੁ ਨਿਰੰਜਨ ਪਾਇਆ ਗਿਆਨ ਕਾਇਆ ਰਸ ਭੋਗੀ ॥



## 'ਸ੍ਰੀ ਸੰਤ ਰਤਨ ਮਾਲ੍ਹਾ ਵਿੱਚ ਭਾਈ ਜਗਤਾ ਜੀ ਸਾਹਿਬ ਦੀ ਮਹਿਮਾ ਦਾ ਵਰਣਨ



'ਸ੍ਰੀ ਸੰਤ ਰਤਨ ਮਾਲਾ' ਸੰਤ ਲਾਲ ਚੰਦ ਜੀ ਨੂਰਪੁਰ ਵਾਸੀ ਦੀ ਮਹਾਨ ਕ੍ਰਿਤ ਹੈ । ਜਿਸ ਵਿੱਚ ਸੇਵਾ ਪੰਥੀ ਮਹਾਪੁਰਸ਼ਾਂ ਦੀਆਂ ਜੀਵਨੀਆਂ ਦਾ ਵਰਣਨ ਹੈ । ਭਾਈ ਜਗਤਾ ਜੀ ਦੀ ਉਪਮਾ ਪ੍ਰਥਾਇ ਕਾਫੀ ਦੋਹਰੇ, ਸਵੱਯੇ, ਕਬਿੱਤ ਆਦਿ ਲਿਖੇ ਹੋਏ ਹਨ । ਉਨ੍ਹਾਂ ਵਿਚੋਂ ਵੰਨਗੀ ਮਾਤਰ ਏਥੇ ਕੁਝ ਪਾਠਕਾਂ ਦੀ ਭੇਟ ਕਰਦੇ ਹਾਂ । -ਸੰਪਾਦਕ

॥ ਦੋਹਿਰਾ ॥

ਜਾਗਿਆ ਜਗਤਾ ਜਗਤ ਮੈ ਜਿਉ ਮੰਦਰ ਮਹਿ ਦੀਪ ।
ਸਭ ਜਗ ਚਾਨਣ ਕਰ ਦੀਆ ਭਾਰਤ ਖੰਡ ਦੇ ਦੀਪ ।

ਭਾਵ : ਜਿਵੇਂ ਮੰਦਰ ਵਿੱਚ ਜੋਤ ਦਾ ਪ੍ਰਕਾਸ਼ ਹੁੰਦਾ ਹੈ ,ਤਿਵੇਂ ਭਾਈ ਜਗਤਾ ਜੀ ਸਾਹਿਬ ਨੇ ਕੇਵਲ ਭਾਰਤ ਵਿੱਚ ਹੀ ਨਹੀ,ਸਾਰੇ ਜਗਤ ਵਿੱਚ ਸ਼ੁੱਭ ਕਰਨੀਆਂ ਨਾਲ ਚਾਨਣ ਕਰ ਦਿੱਤਾ ।

॥ ਸਵੈਯਾ ॥

ਸੁਭ ਦੇਸ ਪੰਜਾਬ ਸੁ ਰਾਤ ਸਮੰ, ਬਿਚ ਤਾਹਿ ਕੇ ਦੀਪ ਸਮਾ ਜਗਤਾ ।

ਭਾਵ : ਸੁਭਾਗੇ ਪੰਜਾਬ ਵਿੱਚ ਭਾਈ ਜਗਤਾ ਜੀ ਸਾਹਿਬ ਰਾਤ੍ਰੀ ਨੂੰ ਚੰਦ੍ਰਮਾ ਸਮਾਨ ਚਾਨਣ ਦੇਣ ਵਾਲੀ ਜੋਤੀ ਹੋਏ ਹਨ ।

ਲੁਭ ਦੇਖ ਦਿਦਾਰ ਗਵਾਰਿ ਨਰੰ, ਹਰ ਪ੍ਰੀਤ ਬਨੀ ਰਿਦਤਾ ਭਗਤਾ ।

ਭਾਵ : ਅਗਿਆਨੀ ਮਨੁੱਖ ਵੀ ਉਨ੍ਹਾਂ ਦੇ ਦਰਸ਼ਨ ਕਰਕੇ ਲੁਭਾਇਮਾਨ ਹੋ ਕੇ, ਦਿਲਾਂ ਥੀਂ ਹਰੀ ਦੀ ਭਗਤੀ ਪ੍ਰਾਪਤ ਕਰ ਲੈਂਦੇ ਹਨ ।

ਚੁਭ ਚੀਤ ਰਹੀ ਸਭ ਕੇ ਸੋਈ ਮੂਰਤਿ, ਦੀਨ ਦਯਾ ਮਧ ਜੋ ਪਗਤਾ।

ਭਾਵ : ਦੀਨਾਂ ਤੇ ਦਇਆ ਕਰਨ ਵਾਲੇ ਬਾਬਾ ਜਗਤਾ ਜੀ ਦੀ ਮੂਰਤ ਸਭ ਦੇ ਹਿਰਦਿਆਂ ਵਿੱਚ ਵੱਸ ਗਈ।

ਖੁਭ ਮੇਟਤ ਜੋ ਕਰ ਧਿਆਨ ਰਿਦੈ, ਸੋਈ ਸੰਤ ਅਤੋਲ ਸਹੀ ਜਗਤਾ ॥੫॥

ਭਾਵ : ਜੋ ਪ੍ਰਾਣੀ ਬਾਬਾ ਜਗਤਾ ਜੀ ਦੇ ਸਰੂਪ ਦਾ ਧਿਆਨ ਧਰਦਾ ਹੈ ਉਸ ਦੇ ਸਾਰੇ ਅੰਦੇਸ਼ੇ ਦੂਰ ਹੋ ਜਾਂਦੇ ਹਨ, ਉਹ ਅਜਿਹੀ ਅਗੰਮੀ ਜੋਤ ਹਨ।

ਖੋਦਤ ਤਾਲ ਸਿਆਲ ਕੀ ਸੇਵ ਕਰੈ, ਉਪਕਾਰਹਿ ਬਾਂਟਤ ਰੋਟੀ।

ਭਾਵ : ਸਭ ਜੀਵ-ਜੰਤੂਆਂ ਤੇ ਪਸ਼ੂਆਂ ਲਈ ਟੋਬੇ (ਤਾਲ) ਖਟਾਉਂਦੇ, ਗਿੱਦੜਾਂ ਦੀ ਵੀ ਸੇਵਾ ਕਰਦੇ ਪਰਉਪਕਾਰ ਕਮਾਉਂਦੇ, ਭੁੱਖਿਆ-ਭਾਣਿਆਂ ਨੂੰ ਰੋਟੀਆਂ ਵੰਡਦੇ।

ਕੋਦ ਚਹੂੰ ਸੁ ਉਦਾਰ ਕੀ ਮੂਰਤਿ, ਪ੍ਰੀਤਿ ਪ੍ਰਭੂ ਕਰ ਬਾਤ ਨ ਖੋਟੀ।

ਭਾਵ : ਚਾਰ ਚੱਕਾਂ ਭਾਵ ਸੰਸਾਰ ਦੀਆਂ ਚੌਹ ਕੂੰਟਾਂ ਵਿੱਚ ਬਾਬਾ ਜੀ ਉਦਾਰਤਾ ਦੀ ਮੂਰਤ ਪ੍ਰਸਿੱਧ ਹੋਏ ਉਹ ਕਦੇ ਨਿਗਮੂਲ ਗੱਲਬਾਤ ਨਹੀਂ ਸਨ ਕਰਦੇ ਜਿਸ ਨਾਲ ਪ੍ਰਭੂ ਦੀ ਪ੍ਰੀਤ ਵਿੱਚ ਕੋਈ ਊਣ ਆਵੇ।

ਚੋਰ ਔ ਸਾਧ ਲਖੈ ਇਕ ਹੀ ਸਮ, ਮਾਦਰ ਦੀਰਘ ਕੰਨਕਾ ਛੋਟੀ।

ਭਾਵ : ਸਮਦਰਸ਼ੀ ਭਾਵਾਂ ਵਾਲੇ ਬਾਬਾ ਜੀ ਚੋਰ-ਸਾਧ ਨੂੰ ਇਕੋ ਜਿਹਾ ਵੇਖਦੇ, 'ਸਾਧ ਚੋਰ ਸਭ ਬ੍ਰਹਮ ਪਛਾਨੋ।'' ਹੋਰ ਉਪਦੇਸ਼ ਹੈ ਸਭ ਵੱਡੀਆਂ ਨੂੰ ਮਾਤਾ ਅਤੇ ਛੋਟੀਆਂ ਨੂੰ ਬੱਚੀ ਸਮਾਨ ਜਾਣੋ'।

ਦੇਵਨ ਦੀਲ ਸੁਭਾਵ ਪਰਯੋ ਜਿਸ, ਖਾਂਡ ਕੀ ਬਾਂਟ ਦਈ ਸੁਕਲੋਟੀ ॥੫॥੬॥

ਭਾਵ : ਬਾਬਾ ਜੀ ਨੂੰ ਗਰੀਬਾਂ ਤੇ ਅਨਾਥਾਂ ਨੂੰ ਵੰਡਣ ਦਾ ਅਜਿਹਾ ਸੁਭਾਵ ਸੀ ਏਥੋਂ ਤੱਕ ਕਿ ਕਿਸੇ ਦੀ ਅਮਾਨਤ ਪਈ ਖੰਡ ਦੀ ਬੋਰੀ ਹੀ ਵੰਡ ਦਿੱਤੀ। ਗੱਲ ਕੀ ਜੋ ਕੋਲ ਹੋਇਆ ਰੱਖਣਾ ਨਹੀਂ।

॥ ਕਬਿਤ ॥

ਜਗਤਾ ਸਾਹਿਬ ਅਤ ਅਜਬ ਅਜਬ ਮਤ, ਤਸਕਰ ਚਰਨ ਕਰਤ ਰਤ ਲਖਹਰ।

ਧਰ ਨਜ, ਜਲ ਭਰ ਧਰ ਕਰ ਕਰ ਮਧ, ਜਲਧਰ ਸਮਸਰ ਬਰਖਤ ਨਰਪਰ।

ਭਾਵ : ਬਾਬਾ ਜਗਤਾ ਜੀ ਅਜਿਹੇ ਅਸਚਰਜ ਮਤ ਦੇ ਧਾਰਨੀ ਸਨ ਕਿ ਚੋਰ ਲੋਕ ਵੀ ਉਨ੍ਹਾਂ ਦੇ ਚਰਨਾਂ ਨਾਲ ਪ੍ਰੀਤੀ ਕਰਕੇ ਤੇ ਉਨ੍ਹਾਂ ਨੂੰ ਰੱਬ ਦਾ ਰੂਪ ਜਾਣ ਕੇ ਆਪਣੇ ਔਗੁਣ ਛੱਡ

ਦਿੰਦੇ ਹਨ। ਜਿਵੇ ਬੱਦਲ ਹਰ ਥਾਂ ਇੱਕ ਸਮਾਨ ਵਰਖਾ ਕਰਦੇ ਹਨ, ਤਿਵੇਂ ਬਾਬਾ ਜਗਤਾ ਜੀ ਸਭ ਪ੍ਰਾਣੀ ਮਾਤਰ ਤੇ ਉਸੇ ਤਰ੍ਹਾਂ ਮਿਹਰਾਂ ਦਾ ਮੀਂਹ ਵਰਸਾਉਣ ਵਾਲੇ ਕ੍ਰਿਪਾਲੂ ਹਨ।

ਸਰਬ ਚਰਨ ਰਜ ਧਰਤ ਅਪਨ ਮਨ ॥ ਖਰ ਅਜ ਨਰਮਧ ਲਖ ਕਰ ਸਮਸਰ।
ਕਰਖਤ ਸਰਬ ਨਰਨ ਮਨ ਲਖਬਪ ਭਗਤ ਜਗਤ ਮਧ ਕਰਤ ਪ੍ਰਗਟਧਰ ॥੭॥

ਭਾਵ : ਬਾਬਾ ਜੀ ਮਨ ਤੋਂ ਆਪਣੇ ਆਪ ਨੂੰ ਸਭ ਦੇ ਚਰਨਾਂ ਦੀ ਧੂੜੀ ਸਮਝਦੇ, ਖੋਤੇ,ਬੱਕਰੀ ਤੇ ਸਮੂਹ ਪ੍ਰਾਣੀ ਮਾਤਰ ਸਭ ਅੰਦਰ ਇਕੋ ਜਿਹੀ ਪਰਮਾਤਮਾ ਦੀ ਜੋਤ ਵੱਸਦੀ ਵੇਖਦੇ ਸਨ। ਭਗਤੀ ਭਾਵਨਾ ਨਾਲ ਸਾਰਿਆਂ ਪ੍ਰਾਣੀਆਂ ਨੂੰ ਪ੍ਰਭੂ ਪ੍ਰੇਮ ਵਿੱਚ ਜੋੜਨ ਵਾਲੇ ਐਸੇ ਮਹਾਨ ਭਗਤ ਜਗਤ ਅੰਦਰ ਪ੍ਰਗਟ ਹੋਏ।

॥ ਦੋਹਰਾ ॥

ਭਾਈ ਜਗਤਾ ਜੀ ਸਦਾ, ਸਰਬ ਜੀਵ ਹਿਤਕਾਰ।
ਨਮੋ ਨਮੋ ਪਦ ਪਦਮ ਜੁਗ, ਜਿਹ ਰਿਦ ਕਿਰਪਾ ਅਪਾਰ ॥੧੫॥

ਭਾਵ : ਬਾਬਾ ਜਗਤਾ ਜੀ ਹਮੇਸ਼ਾਂ ਸਾਰੇ ਜੀਵਾਂ ਦਾ ਭਲਾ ਕਰਨ ਵਾਲੇ ਹੋਏ ਜਿਨ੍ਹਾਂ ਦੇ ਹਿਰਦੇ ਅੰਦਰ ਅਥਾਹ ਦਇਆ ਦਾ ਵਾਸਾ ਹੈ ਐਸੀ ਕਰਨੀ ਵਾਲੇ ਬਾਬਾ ਜੀ ਦੇ ਚਰਨ ਕੰਵਲਾਂ ਵਿੱਚ ਸਦਾ ਨਮਸਕਾਰ ਹੈ।

॥ ਸਵੈਯਾ ॥

ਦੀਨਨ ਕੋ ਦ੍ਰਵ ਹੋਤ ਦਿਆਲ, ਕਰੈ ਪ੍ਰਤਿਪਾਲ ਰਿਦੈ ਭਗਤਾ।
ਹੀਨਨ ਖੀਨਨ ਪਛ ਪਸੂਨਨ ਸਾਰ ਕਰੰਤ ਦਯਾ ਪਗਤਾ।
ਸਬਦ ਸਪਰਸ ਰੂਪ ਰਸੁ ਗੰਧਹਿ, ਤਿਆਗ ਸਮੂਲ ਸਦਾ ਜਗਤਾ।
ਸਭ ਸੰਤਨ ਸੰਤ ਮਹੰਤ ਮਹੰਤਨ, ਸਾਂਤਿ ਸਰੂਪ ਭਯੋ ਜਗਤਾ ॥੧੬॥

ਭਾਵ : ਗ਼ਰੀਬਾਂ, ਅਨਾਥਾਂ ਨੂੰ ਵੇਖ ਕੇ ਦ੍ਰਵ ਹੋ ਜਾਂਦੇ ਦਿਆਲ ਹੋ ਕੇ ਉਨ੍ਹਾਂ ਦੀ ਪਾਲਣਾ ਪੋਸਣਾ ਕਰਦੇ ਅਜਿਹੀ ਸੇਵਾ ਭਗਤੀ ਦਾ ਉਨ੍ਹਾਂ ਅੰਦਰ ਵਾਸਾ ਸੀ। ਨਿਤਾਣਿਆ ਗ਼ਰੀਬਾਂ ਪਸ਼ੂਆਂ, ਪੰਛੀਆਂ ਤੇ ਦਇਆਵਾਨ ਹੋ ਕੇ ਸਾਰਿਆਂ ਦੀ ਸੰਭਾਲ ਲੈਣ ਵਾਲੇ ਸਨ। ਸ਼ਬਦ, ਸਪਰਸ਼, ਰੂਪ, ਰਸ, ਗੰਧ-ਮੰਦ ਵਿਸ਼ਿਆਂ ਦੇ ਤਿਆਗੀ ਸਨ, ਇਨ੍ਹਾਂ ਤੋਂ ਨਿਰਲੇਪ ਸਨ। ਸੰਤਾਂ ਵਿਚੋਂ ਸ੍ਰੇਸ਼ਟ ਸੰਤ, ਮਹੰਤਾਂ ਵਿਚੋਂ ਉੱਚਤਮ ਮਹੰਤ ਸਨ। ਐਸੇ ਸ਼ਾਤ ਸਰੂਪ ਵਾਲੇ ਬ੍ਰਹਮ-ਗਿਆਨੀ ਬਾਬਾ ਜਗਤਾ ਜੀ ਹੋਏ ਹਨ।

# ਬਾਬਾ ਜਗਤਾ ਜੀ

-ਨਰਿੰਦਰ ਸਿੰਘ 'ਸੋਚ'

ਬਾਬਾ ਸਾਹਿਬ ਸਿੰਘ ਜੀ ਦਾ ਪੰਥ ਵਿੱਚ ਬੜਾ ਹੀ ਸਤਿਕਾਰ ਸੀ । ਸੇਵਾ ਪੰਥੀ ਤਾਂ ਉਨ੍ਹਾਂ ਉੱਪਰ ਵੱਡੀ ਸ਼ਰਧਾ ਰੱਖਦੇ ਸੀ । ਬੇਦੀ ਸਾਹਿਬ ਜੀ ਨੇ ਸਿੱਖ ਧਰਮ ਦਾ ਬੜਾ ਹੀ ਪ੍ਰਚਾਰ ਕੀਤਾ । ਇਨਾਂ ਨੇ ਚੋਖੇ ਇਲਾਕੇ ਤੇ ਕਬਜਾ ਕੀਤਾ ਹੋਇਆ ਸੀ. ਇਨਾਂ ਦੀ ਰਾਜਧਾਨੀ ਊਨਾ ਸਾਹਿਬ ਸੀ ।

ਭਾਈ ਦੁੱਖ-ਭੰਜਨ ਸਾਹਿਬ ਜੀ ਨੂੰ ਬਾਬਾ ਜੀ ਸਤਿਸੰਗ ਅਤੇ ਕੀਰਤਨ ਲਈ ਆਪਣੇ ਕੋਲ ਬੜੇ ਸਤਿਕਾਰ ਨਾਲ ਲੈ ਗਏ ਸਨ । ਭਾਈ ਦੁੱਖ ਭੰਜਨ ਜੀ ਸਨ, ਜਿਨਾਂ ਨੇ ਮਹਾਰਾਜਾ ਰਣਜੀਤ ਸਿੰਘ ਜੀ ਨੂੰ ਪੁੱਛਿਆ ਸੀ , ''ਕੀ ਤੁਹਾਨੂੰ ਜਪੁ ਜੀ ਸਾਹਿਬ ਕੰਠ ਹੈ ? ਮਹਾਰਾਜਾ ਰਣਜੀਤ ਸਿੰਘ ਜੀ ਲੱਜਾ ਕਰਕੇ ਚੁੱਪ ਰਹੇ ।

ਭਾਈ ਸਾਹਿਬ ਜੀ ਬੋਲੇ, ''ਇਹ ਕਿਤਨੀ ਮਾੜੀ ਗੱਲ ਹੈ ਕਿ ਤੈਨੂੰ ਜਾਪੁ ਜੀ ਸਾਹਿਬ ਵੀ ਯਾਦ ਨਾ ਹੋਵੇ । ਹੁਣ ਤੋਂ ਸ਼ੁਰੂ ਕਰ ਦਿਓ ।''

ਮਹਾਰਾਜਾ ਰਣਜੀਤ ਸਿੰਘ ਜੀ ਹੱਥ ਜੋੜ ਕੇ ਬੋਲੇ, ''ਜਪੁ ਜੀ ਸਾਹਿਬ ਦਾ ਆਰੰਭ ਤੁਸੀ ਕਰਵਾ ਦਿਓ । ''ਭਾਈ ਸਾਹਿਬ ਜੀ ਨੇ ਮੂਲ ਮੰਤਰ ਉਸੇ ਵੇਲੇ ਯਾਦ ਕਰਵਾ ਦਿੱਤਾ ।

ਮੂਲ ਮੰਤਰ ਯਾਦ ਕਰਨ ਪਿਛੋਂ ਮਹਾਰਾਜਾ ਰਣਜੀਤ ਸਿੰਘ ਜੀ ਬੋਲੇ, ''ਕਿਰਪਾ ਕਰਕੇ ਮੇਰੀ ਝੋਲੀ ਵਿਚ ਭੇਹਰਾ ਪਾ ਦਿਓ ।''

ਭਾਈ ਦੁੱਖ ਭੰਜਨ ਜੀ ਬੋਲੇ, '' ਭੇਹਰਾ ਤੈਨੂੰ ਦਿੱਤਾ ਪਰ ਵੇਖੀ ਸਾਡੀਆਂ ਚਿੜੀਆਂ ਨਾ ਮਾਰਨ ਲੱਗ ਪਈ । ਜਿਨ੍ਹਾਂ ਲੋਕਾਂ ਨੂੰ ਅਸੀਂ ਖੂਹ ਦਿੱਤੇ ਹੋਏ ਹਨ, ਉਹ ਨਾ ਖੋਹ ਲੈਣੇ ।'' ਮਹਾਰਾਜ ਰਣਜੀਤ ਸਿੰਘ ਜੀ ਨੇ ਭਾਈ ਦੁੱਖ ਭੰਜਨ ਜੀ ਦੇ ਬਚਨਾਂ ਉਪੱਰ ਫੁੱਲ ਚੜ੍ਹਾਏ ।

ਭਾਈ ਦੁੱਖ-ਭੰਜਨ ਜੀ ਤੋਂ ਪਿੱਛੋਂ ਬਾਬਾ ਸਹਿਬ ਜੀ ਨੇ ਉਨ੍ਹਾਂ ਦੇ ਚੇਲੇ ਭਾਈ ਬੱਲੂ ਜੀ ਨੂੰ ਪਿਆਰ ਅਤੇ ਸਤਿਕਾਰ ਨਾਲ ਕਥਾ, ਕੀਰਤਨ ਤੇ ਸਤਿਸੰਗ ਕਰਨ ਲਈ ਆਪਣੇ ਪਾਸ ਰੱਖਿਆ। ਭਾਈ ਬੱਲੂ ਜੀ ਬੜੇ ਬੇ-ਪ੍ਰਵਾਹ ਸਨ, ਉਨ੍ਹਾਂ ਨੇ ਮਹਾਰਾਜਾ ਰਣਜੀਤ ਸਿੰਘ ਜੀ ਨੂੰ ਮਿਲਣ ਤੋਂ ਇਨਕਾਰ ਕਰ ਦਿੱਤਾ ਸੀ ਅਤੇ ਜਿਹੜਾ ਵਜੀਰ ਸਿੰਘ ਉਨ੍ਹਾਂ ਦਾ ਪ੍ਰੇਮੀ ਬਹਾਨੇ ਨਾਲ ਲੈਣ ਲਈ ਆਇਆ ਸੀ, ਉਸ ਦੀ ਭੇਟਾ ਵਾਪਸ ਕਰ ਦਿੱਤੀ ਸੀ ਤੇ ਸੰਦੇਸ਼ ਦਿੱਤਾ ਸੀ ਕਿ ਉਹ ਉਨ੍ਹਾਂ ਨੂੰ ਫੇਰ ਕਦੀ ਮੂੰਹ ਨਾ ਵਿਖਾਉਣ ।

ਇੱਕ ਵਾਰ ਬਾਬਾ ਸਹਿਬ ਸਿੰਘ ਜੀ ਬੇਦੀ ਦੀ ਧਰਮ ਪਤਨੀ ਨੇ ਬਾਬਾ ਜੀ ਨੂੰ ਕਿਹਾ, ''ਤੁਸੀ ਕਦੀ ਇਹਨਾਂ ਦੀ ਜਾਤ-ਪਾਤ ਨਹੀ ਪੁੱਛੀ, ਸੋ ਇਹ ਕੌਣ ਹਨ ।''

ਬਾਬਾ ਜੀ ਨੇ ਕਿਹਾ, '' ਤੂੰ ਏਨ੍ਹਾਂ ਨੂੰ ਸਾਕ ਕਰਨਾ ਹੈ ?''

ਮਾਤਾ ਅਨੰਤੀ ਜੀ ਨੇ ਆਪਣੀ ਕੀਤੀ ਹੋਈ ਭੁੱਲ ਲਈ ਖਿਮਾ ਮੰਗੀ ।

ਇੱਕ ਵਾਰ ਭਾਈ ਬੱਲੂ ਜੀ ਕਥਾ ਕਰ ਰਹੇ ਸਨ । ਉਨ੍ਹਾਂ ਨੇ ਮਹਾਂਪੁਰਖਾਂ ਦੇ ਲੱਛਣ ਦੱਸੇ:

1. ਉਹ ਰਾਮ ਦਾ ਨਾਮ ਜੱਪਦੇ ਹਨ ਅਤੇ ਧਿਆਨ ਵਿਆਪਕ ਪ੍ਰਭੂ ਜੀ ਦਾ ਧਾਰਦੇ ਹਨ ।
2. ਉਨ੍ਹਾਂ ਦੇ ਗਿਆਨ ਵਿੱਚ ਦੁੱਖ-ਸੁੱਖ ਇੱਕੋ ਜਿਹੇ ਹਨ, ਉਹ ਹਰ ਸਮੇਂ ਆਪਣੇ ਮਾਲਕ ਨਾਲ ਜੁੜੇ ਰਹਿੰਦੇ ਹਨ । ਉਨ੍ਹਾਂ ਦਾ ਮਨ ਗੰਗਾ ਦੇ ਪਾਣੀ ਵਾਂਗ ਨਿਰਮਲ ਰਹਿੰਦਾ ਹੈ ਅਤੇ ਵੈਰ-ਭਾਵ ਉਨ੍ਹਾਂ ਦੇ ਨੇੜੇ ਨਹੀ ਢੁੱਕਦਾ ।
3. ਉਹ ਸਾਰੇ ਜੀਵਾਂ ਉੱਪਰ ਤਰਸ ਅਤੇ ਦਇਆ ਕਰਦੇ ਹਨ । ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਨੂੰ ਨੇੜੇ ਨਹੀ ਢੁੱਕਣ ਦਿੰਦੇ। ਉਹ ਸ਼ਬਦ, ਸਪਰਸ਼, ਰੂਪ; ਰਸ ਅਤੇ ਗੰਧ ਆਦਿ ਇੰਦਰੀਆਂ ਦੇ ਵਿਸ਼ਿਆਂ ਤੋਂ ਦੂਰ ਰਹਿੰਦੇ ਹਨ ।
4. ਉਨ੍ਹਾਂ ਦੀ ਅਸਲ ਖ਼ੁਰਾਕ ਪ੍ਰਭੂ ਦਾ ਕੀਰਤਨ ਹੈ, ਉਹ ਸੰਸਾਰ ਵਿੱਚੋਂ ਇਸ ਤਰ੍ਹਾਂ ਨਿਰਲੇਪ ਰਹਿੰਦੇ ਹਨ, ਜਿਸ ਤਰ੍ਹਾਂ ਪਾਣੀ ਵਿਚ ਰਹਿੰਦਾ ਹੋਇਆ ਕਮਲ ।
5. ਉਹ ਬੜੀ ਸ਼ਰਧਾ ਨਾਲ ਬੰਦਗੀ ਕਰਦੇ ਹਨ । ਵੈਰੀ ਅਤੇ ਮਿੱਤਰ ਨੂੰ ਇੱਕੋ ਜਿਹੀ

ਸਲਾਹ ਦਿੰਦੇ ਹਨ
6. ਉਹ ਕਦੇ ਵੀ ਕਿਸੇ ਦੀ ਨਿੰਦਿਆ ਆਪਣੇ ਕੰਨਾਂ ਨਾਲ ਨਹੀ ਸੁਣਦੇ। ਉਹ ਆਪਾ ਤਿਆਗ ਕੇ ਸਭ ਦੇ ਚਰਨਾਂ ਦੀ ਧੂੜੀ ਬਣ ਕੇ ਰਹਿੰਦੇ ਹਨ।

ਗਿਆਨਵਾਨ ਦੀਆਂ ਸੱਤ ਭੂਮਿਕਾ ਮੰਨੀਆਂ ਜਾਂਦੀਆਂ ਹਨ। ਅਸਲ ਵਿੱਚ ਇਹ ਪੌੜੀ ਦੇ ਸੱਤ ਡੰਡੇ ਹਨ। ਪੌੜੀ ਚੜ੍ਹਨ ਵਾਲਾ ਜਿਉਂ-ਜਿਉਂ ਚੜ੍ਹਦਾ ਜਾਂਦਾ ਹੈ। ਉਹ ਪੈਰ ਰੱਖਣ ਵਾਲੇ ਡੰਡੇ ਪਿੱਛੇ ਛੱਡੀ ਜਾਂਦਾ ਹੈ। ਪੜ੍ਹਾਈ ਵਾਲਾ ਜਮਾਤ ਛੱਡਦਾ ਹੈ ਪਰ ਜਮਾਤਾਂ ਵਿੱਚੋਂ ਪ੍ਰਾਪਤ ਕੀਤਾ ਗਿਆਨ ਨਹੀ ਛੱਡਦਾ।

1. ਚੰਗੀਆਂ ਇੱਛਾਵਾਂ ਤੇ ਚੰਗੇ ਫੁਰਨਿਆਂ ਨਾਲ ਮਨ ਭਰਿਆ ਰਹੇ। ਮਾੜਾ ਫੁਰਨਾ ਜਾਂ ਇੱਛਾ ਨਾ ਢੁਕੇ। ਜਿਵੇਂ ਸਿਆਣਾ ਆਪਣੀ ਪੈਲੀ ਵਿੱਚ ਫਸਲ ਤੋਂ ਬਿਨਾਂ ਹੋਰ ਕੋਈ ਘਾਹ ਬੂਟੀਆਂ ਨਹੀ ਪੈਦਾ ਹੋਣ ਦਿੰਦਾ। ਜੇ ਕੋਈ ਉੱਗ ਵੀ ਪਵੇ ਤਾਂ ਉਸ ਨੂੰ ਉਸੇ ਵੇਲੇ ਜੜ੍ਹਾਂ ਤੋਂ ਪੁੱਟ ਦਿੰਦਾ ਹੈ

2. ਚੰਗੇ ਨਿਰਣੇ ਕਰ ਲੈਣ ਵਾਲੇ ਵਿਚਾਰ, ਆਪਣੇ ਸੰਬੰਧੀ ਅਤੇ ਪ੍ਰਭੂ ਸੰਬੰਧੀ ਠੀਕ-ਠਾਕ ਜਾਣ ਲੈਣਾ।

3. ਮਨ ਦੀਆਂ ਵਾਸ਼ਨਾਵਾਂ ਦਾ ਖ਼ਤਮ ਹੋ ਜਾਣਾ। ਮਾੜੇ ਫੁਰਨੇ ਤੱਕ ਬੰਦ ਹੋ ਜਾਣੇ। ਕੋਈ ਮਾੜੀ ਵਾਸ਼ਨਾ ਮਨ ਦੇ ਨੇੜੇ ਨਾ ਢੁਕਣੀ। ਮਨ ਮੈਲ ਤੋਂ ਦੂਰ ਹੋ ਜਾਣਾ।

4. ਆਤਮਿਕ ਤੌਰ ਉੱਪਰ ਜਾਗ ਪੈਣਾ। ਜਿਸ ਤਰ੍ਹਾਂ ਜਾਗਣ ਪਿੱਛੋਂ ਸਾਰਾ ਸੰਸਾਰ ਅਤੇ ਉਸ ਵਿਚਲੇ ਪਦਾਰਥਾਂ ਦਾ ਗਿਆਨ ਹੋ ਜਾਂਦਾ ਹੈ। ਇਸ ਤਰ੍ਹਾਂ ਸੁਭਾਵਿਕ ਹੀ ਅਸਲੀਅਤ ਦਾ ਪੂਰਾ-ਪੂਰਾ ਪਤਾ ਲੱਗ ਜਾਣਾ। ਸਾਰਾ ਸੰਸਾਰ ਆਤਮਿਕ ਰੂਪ ਅਨੁਭਵ ਹੋਣ ਲੱਗ ਪੈਣਾ।

5. ਹੰਕਾਰ ਅਤੇ ਮੋਹ ਦੀ ਜੜ੍ਹ ਪੁੱਟੀ ਜਾਣੀ। ਜਿਵੇਂ ਸੁਪਨੇ ਦੀ ਬਾਦਸ਼ਾਹੀ ਦਾ ਜਾਗ ਕੇ ਨਾ ਮੋਹ ਰਹਿੰਦਾ ਹੈ, ਨਾਹ ਸੁਪਨ-ਕਾਜ ਕਰਕੇ ਮਨ ਵਿੱਚ ਹੰਕਾਰ ਪੈਦਾ ਹੁੰਦਾ ਹੈ। ਉਸ ਨੂੰ ਸਾਰੇ ਸੰਸਾਰ ਦੇ ਪਦਾਰਥ ਨੂੰ ਸੁਪਨੇ ਵਾਂਗ ਅਨੁਭਵ ਹੁੰਦੇ ਹਨ।

6. ਸਭ ਕੁਝ ਗੁੰਮ ਜਿਵੇਂ ਡੂੰਘੀ ਨੀਂਦਰ ਵੇਲੇ ਕੁੱਝ ਭੀ ਯਾਦ ਨਹੀ ਰਹਿੰਦਾ। ਨਾ ਜਾਗ ਯਾਦ ਰਹਿੰਦੀ ਹੈ,ਨਾ ਸੁਪਨਾ ਯਾਦ ਰਹਿੰਦਾ ਹੈ,ਦੋਵੇ ਸੰਸਾਰ ਗੁੰਮ ਹੋ ਜਾਂਦੇ ਹਨ। ਸਿਰਫ਼ ਸੁੱਖ ਅਤੇ ਆਨੰਦ ਯਾਦ ਰਹਿ ਜਾਂਦਾ ਹੈ।

7. ਅਖੀਰ ਨੂੰ ਜਾਗਿਤ੍ਰ, ਸੁਪਨ ਅਤੇ ਸ਼ਖੋਪਤੀ ਭੀ ਖਤਮ ਹੋ ਜਾਂਦੀ ਹੈ। ਆਤਮਿਕ ਤੱਤ ਤੋਂ ਬਿਨਾਂ ਸਾਰੇ ਸੰਸਕਾਰ, ਅੰਭਾਸ ਅਤੇ ਸੁਭਾਵ ਖਤਮ ਹੋ ਜਾਂਦੇ ਹਨ।

ਜਦੋਂ ਬੇਦੀ ਸਾਹਿਬ ਜੀ ਨੇ ਪਾਰਸ ਭਾਗ ਅਤੇ ਗੁਰਬਾਣੀ ਅਨੁਸਾਰ ਇਹ ਲੱਛਣ ਸੁਣੇ ਤਾਂ ਭਾਈ ਬੱਲੂ ਜੀ ਨੂੰ ਕਹਿਣ ਲੱਗੇ," ਸੇਵਾ ਪੰਥੀਆਂ ਵਿੱਚ ਬੜੀ ਭਾਰੀ ਗਿਣਤੀ ਵਿੱਚ ਮਹਾਂਪੁਰਖ ਹੋਏ ਹਨ ਕੀ ਅੱਜ-ਕੱਲ੍ਹ ਭੀ ਕੋਈ ਇਨ੍ਹਾਂ ਨਿਸ਼ਾਨੀਆਂ ਵਾਲਾ ਮਹਾਂਪੁਰਖ ਹੈ ?

ਭਾਈ ਬੱਲੂ ਜੀ ਬੋਲੇ," ਅੱਜ-ਕੱਲ੍ਹ, ਮਹਾਂਪੁਰਖ ਹਨ, ਉਨ੍ਹਾਂ ਦਾ ਪਵਿੱਤਰ ਨਾਮ ਭਾਈ ਜਗਤਾ ਜੀ ਹੈ। ਉਹ ਸੇਵਾ ਰਾਮ ਜੀ ਦੇ ਅਸਥਾਨ ਤੇ ਨਾਮ ਬਾਣੀ ਦੀ ਗੰਗਾ ਵਗਾ ਰਹੇ ਹਨ।"

ਮਾਤਾ ਅਨੰਤੀ ਜੀ ਆਪਣੇ ਪਤੀ ਬਾਬਾ ਸਹਿਬ ਜੀ ਸਿੰਘ ਜੀ ਨੂੰ ਕਹਿਣ ਲੱਗੀ, "ਜੀ ਕਿਰਪਾ ਕਰਕੇ ਉਨ੍ਹਾਂ ਨੂੰ ਸੱਦ ਭੇਜੋ, ਅਸੀ ਵੀ ਦਰਸ਼ਨ ਕਰ ਲਈਏ।"

ਬਾਬਾ ਜੀ ਬੋਲੇ,"ਮਹਾਂਪੁਰਖ ਦੇ ਦਰਸ਼ਨ ਨੰਗੀ ਪੈਰੀ ਚੱਲ ਕੇ ਆਪ ਕਰੀਦੇ ਹਨ। ਅਜਿਹੀ ਯਾਤਰਾ ਦਾ ਇੱਕ-ਇੱਕ ਕਦਮ ਦਾ ਫਲ ਅਸਮੇਧ ਯੱਗ ਹੈ। ਇਹ ਖ਼ਿਆਲ ਕਰਨਾ ਕਿ ਮਹਾਂਪੁਰਖ ਨੂੰ ਆਪਣੇ ਕੋਲ ਸੱਦਿਆ ਜਾਵੇ, ਸ਼ੋਭਨੀਕ ਨਹੀ ਹੈ।"

ਬਾਬਾ ਸਾਹਿਬ ਜੀ ਦਾ ਅਤੇ ਭਾਈ ਜਗਤਾ ਜੀ ਦਾ ਆਪਸ ਵਿੱਚ ਸਰੀਰਕ ਮੇਲ ਨਹੀ ਹੋਇਆ ਪਰ ਮਨ ਕਰਕੇ ਉਹ ਇੱਕ ਦੂਜੇ ਵਿੱਚ ਤਾਣੇ-ਪੇਟੇ ਵਾਂਗ ਸਨ।

ਅਸਲ ਮਿਲਾਪ ਸਰੀਰ ਦਾ ਨਹੀ ਹੁੰਦਾ, ਆਤਮਾ ਦਾ ਹੁੰਦਾ ਹੈ। ਸਰੀਰ ਤਾਂ ਵਿਛੜਨ ਵਾਲੇ ਹੁੰਦੇ ਹਨ, ਤਬਦੀਲ ਹੁੰਦੇ ਰਹਿੰਦੇ ਹਨ, ਪਹਿਲਾਂ ਉੱਪਰ ਨੂੰ ਜਾਂਦੇ ਹਨ, ਫਿਰ ਹੇਠਾਂ ਡਿੱਗਦੇ ਹਨ ਅਤੇ ਖ਼ਤਮ ਹੋ ਜਾਂਦੇ ਹਨ। ਸ਼ਰੀਰਾਂ ਦਾ ਪ੍ਰੇਮੀ ਭੀ ਸਰੀਰ ਵਾਂਗ ਹੁੰਦਾ ਹੈ, ਨਾ ਉਹ ਸਦਾ ਕਾਇਮ ਰਹਿੰਦਾ ਹੈ ਅਤੇ ਨਾ ਇੱਕ ਰਸ ਰਹਿੰਦਾ ਹੈ।

# ਜੋਤੀ ਜੋਤ ਰਲੀ

ਇੱਕ ਦਿਨ ਬਾਬਾ ਜਗਤਾ ਜੀ ਨੇ ਭਾਈ ਹਜ਼ਾਰੀ ਜੀ ਭਾਈ ਸਹਾਈ ਰਾਮ ਜੀ, ਭਾਈ ਭਾਗ ਜੀ, ਭਾਈ ਮੱਲਾ ਜੀ, ਭਾਈ ਲੀਲਾ ਜੀ, ਭਾਈ ਕਨ੍ਹਈਆ ਰਾਮ ਜੀ, ਭਾਈ ਮਤਾਬ ਜੀ, ਭਾਈ ਜੁਆਇਆ ਰਾਮ ਜੀ, ਜੱਸਾ ਸਿੰਘ ਜੀ, ਭਾਈ ਵਸਤੀ ਜੀ ਆਦਿ ਜੋ ਧਰਮਸ਼ਾਲਾ ਵਿੱਚ ਰਹਿੰਦੇ ਸਨ, ਸਭ ਨੂੰ ਸੱਦਿਆ। ਜਦੋਂ ਸਾਰੇ ਨਮਸਕਾਰ ਕਰਕੇ ਬੈਠ ਗਏ ਅਤੇ ਨਾਲ ਹੀ ਪੰਚ ਬ੍ਰਹਾਮਣ ਭੀ ਆਕੇ ਬੈਠ ਗਏ ਕਿਉਂਕਿ ਇਨ੍ਹਾਂ ਨੂੰ ਭੀ ਬੁਲਾਇਆ ਗਿਆ ਸੀ। ਬਾਬਾ ਜੀ ਨੇ ਭਾਈ ਹਜ਼ਾਰੀ ਜੀ ਨੂੰ ਕਿਹਾ, ''ਅਸੀਂ ਤੈਨੂੰ ਇੱਕ ਗੱਲ ਕਹਿਣੀ ਹੈ, ਉਹ ਗੱਲ ਮੰਨੇਗਾ।''

ਭਾਈ ਹਜ਼ਾਰੀ ਜੀ ਉੱਠ ਕੇ, ਹੱਥ ਜੋੜਕੇ ਖੜ੍ਹੇ ਹੋ ਗਏ ਅਤੇ ਬੋਲੇ,'' ਗਰੀਬ ਨਿਵਾਜ਼, ਮੈਂ ਤਾਂ ਮੁੱਲ ਖਰੀਦਿਆ ਲਾਲਾ ਗੋਲਾ ਹਾਂ ਹੁਕਮ ਦੀ ਪਾਲਣਾ ਕਰਨੀ ਹੀ ਮੇਰੇ ਜੀਵਨ ਦਾ ਉਦੇਸ਼ ਹੈ।''

ਬਾਬਾ ਜਗਤਾ ਜੀ ਬੋਲੇ, '' ਮੈਂ ਹੁਣ ਆਪਣੀ ਯਾਤਰਾ ਪੂਰੀ ਕਰਕੇ ਜਾ ਰਿਹਾਂ ਹਾਂ, ਹੁਣ ਟਿਕਾਣੇ ਦੀ ਸੰਭਾਲ ਦੀ ਜੁੰਮੇਵਾਰੀ ਤੁਸੀਂ ਚੁੱਕਣੀ ਹੈ।'

ਭਾਈ ਹਜ਼ਾਰੀ ਜੀ ਹੱਥ ਜੋੜਕੇ ਨਿਮ੍ਰਤਾ ਨਾਲ ਬੋਲੇ, ''ਗਰੀਬ ਨਿਵਾਜ, ਇਸ ਟਿਕਾਣੇ ਦੀ ਸੇਵਾ ਸੰਭਾਲ ਦੀ ਪੰਡ ਦਾ ਬੜਾ ਭਾਰੀ ਬੋਝ ਹੈ, ਇਹ ਬੋਝ ਮੈਂ ਚੁੱਕਣ ਜੋਗਾ ਨਹੀ ਹਾਂ ਇਹ ਕਿਸੇ ਹੋਰ ਨੂੰ ਚੁਕਾਓ, ਮੈਨੂੰ ਅੱਗੇ ਵਾਂਗ ਸੇਵਾ ਹੀ ਬਖ਼ਸ਼ੀ ਰੱਖੋ।''ਬਾਬਾ ਜਗਤਾ ਜੀ ਦਿਆਲ ਹੋ ਕੇ ਬੋਲੇ ''ਭਾਈ ਹਜ਼ਾਰੀ ਜੀ ਤੁਸੀਂ ਕੇਵਲ ਵਿੱਚ ਖੜ੍ਹੋਣਾ ਹੈ, ਕੰਮ ਕਰਤਾਰ ਆਪ ਚਲਾਏਗਾ, ਤੁਸੀਂ ਕੰਮ ਨਿਰੰਕਾਰ ਨੂੰ ਸੌਂਪ ਕੇ ਸੇਵਾ ਵਿੱਚ ਲੱਗੇ ਰਹੋ। '' ਭਾਈ ਹਜ਼ਾਰੀ ਜੀ ਨੇ ਫਿਰ ਹੱਥ ਜੋੜ ਕੇ ਕਿਹਾ,''ਗਰੀਬ ਨਿਵਾਜ਼, ਪੰਡ ਬੜੀ ਹੀ ਭਾਰੀ ਹੈ। ਇਸ ਭਾਰ ਨੂੰ ਚੁੱਕਣ ਲਈ ਮੇਰੇ ਨਾਲ ਕੋਈ ਹੋਰ ਭੀ ਭਾਈਵਾਲ ਰਲਾ ਦਿਓ।''

ਬਾਬਾ ਜਗਤਾ ਜੀ ਬੋਲੇ, ''ਭਾਈ ਹਜ਼ਾਰੀ ਜੀ, ਇੱਕ ਮਿਆਨ ਵਿੱਚ ਕਦੇ ਭੀ ਦੋ ਤਲਵਾਰਾਂ ਨਹੀ ਸਮਾਂ ਸਕਦੀਆਂ। ਤੁਸੀਂ ਜਰਾ ਭੀ ਨਾ ਡਰੋ। ਤੁਹਾਨੂੰ ਕਿਸੇ ਦਾ ਡਰ ਨਹੀ ਹੈ। ਸਾਰੀ ਦੁਨੀਆਂ ਤੇਰੇ ਮੂੰਹ ਵੱਲ ਵੇਖੇਗੀ ਤੇਰਾ ਨੁਕਸਾਨ ਕਰਨਾ ਤਾਂ ਇੱਕ ਪਾਸੇ ਰਿਹਾ, ਤੇਰਾ ਕੋਈ ਬੁਰਾ ਚਿਤਵ ਭੀ ਨਹੀ ਸਕੇਗਾ। ਕੋਈ ਭੀ ਸਾਧੂ ਤੁਹਾਡੇ ਨਾਲ ਈਰਖਾ ਨਹੀ ਕਰੇਗਾ। ਤੇਰਾ ਕੋਈ ਭੀ ਕੰਮ ਮਾਇਆ ਜਾਂ ਪਦਾਰਥਾਂ ਬਿਨਾਂ ਨਹੀ ਅਟਕੇਗਾ। ਪਰ ਇੱਕ ਗੱਲ ਯਾਦ ਰੱਖਣੀ ਨੂਰਪੁਰ ਵਿੱਚ ਜਿੰਨੇ ਖੂਹ ਬਣਾਏ ਹਨ, ਸਾਰੇ ਕਾਇਮ ਰੱਖਣੇ, ਕਿਸੇ ਨੂੰ ਭੀ ਢਹਿਣ ਨਹੀ ਦੇਣਾ।''

ਭਾਈ ਹਜ਼ਾਰੀ ਜੀ ਨੇ ਬਾਬਾ ਜਗਤਾ ਜੀ ਨੂੰ ਮੱਥਾ ਟੇਕ ਕੇ ਪ੍ਰਵਾਨਗੀ ਦਿੱਤੀ। ਬਾਬਾ ਜੀ ਨੇ ਪਿੱਠ ਤੇ ਬਰਕਤਾਂ ਭਰੀ ਥਾਪੀ ਦਿੱਤੀ। ਇਸ ਪਿੱਛੋਂ ਬਾਬਾ ਜਗਤਾ ਜੀ ਨੇ ਸਭ ਨੂੰ ਕਿਹਾ ਕਿ ਤੁਸੀਂ ਭਾਈ ਹਜ਼ਾਰੀ ਜੀ ਨੂੰ ਮੱਥਾ ਟੇਕੋ। ਭਾਈ ਲੱਛੀ ਰਾਮ ਜੀ, ਤੁਲਾ ਰਾਮ ਜੀ ਅਤੇ ਸਭ ਪੰਚਾਇਤ ਨੂੰ ਬਾਬਾ ਜੀ ਨੇ ਮੱਥਾ ਟੇਕਣ ਲਈ ਕਿਹਾ। ਉਸ ਵੇਲੇ ਅਠੈਠੀਆ ਸੰਮਤ ਸੀ, ਸੋ ਸਭ ਜੀਵਾਂ ਦੇ ਦੁੱਖ ਦੂਰ ਕਰਨ ਦੀ ਮਨ ਵਿੱਚ ਇੱਛਾ ਕੀਤੀ ਬਾਬਾ ਜੀ ਨੇ ਕਿਹਾ,ਇਹ ਸਖਤ ਔੜ ਤਾਂ ਹੀ ਦੂਰ ਹੋਵੇਗੀ ਜੇ ਬਾਰਸ਼ ਹੋਵੇਗੀ, ਜੇ ਅਸੀਂ ਆਪਣੇ ਸਰੀਰ ਦੀ ਭੇਟਾ ਦੇਵਾਂਗੇ। ਸੋ ਮਾਘ ਦੀ ਦੂਜ ਦੇ ਦਿਨ ਜਗਤਾ ਜੀ ਮਹਾਰਾਜ ਨੇ ਆਪਣੇ ਸਰੀਰ ਨੂੰ ਅੰਤਰ ਧਿਆਨ ਕਰ ਦਿੱਤਾ।

ੴ ਸਤਿਗੁਰ ਪ੍ਰਸਾਦਿ ॥

ਸੇਵਾ ਪੰਥੀ ਸੰਪ੍ਰਦਾ ਦੀ

# ਅਗੰਮੀ ਜੋਤ



ਸਚਿਖੰਡ ਵਾਸੀ

## ਮਹੰਤ ਭਾਈ ਆਸਾ ਸਿੰਘ ਜੀ

## ਸੰਖੇਪ ਜੀਵਨ ਦਰਸ਼ਨ

| | |
|---|---|
| ਜਨਮ ਸਥਾਨ | – ਪਿੰਡ ਫਾਜ਼ਲ ਜ਼ਿਲਾ ਮੀਆਂ ਵਾਲੀ (ਪਾਕਿਸਤਾਨ) |
| ਪਿਤਾ ਜੀ ਦਾ ਨਾਂ | – ਭਾਈ ਨਿਧਾਨ ਸਿੰਘ ਜੀ |
| ਮਾਤਾ ਜੀ ਦਾ ਨਾਂ | – ਮਾਈ ਟਹਿਲ ਕੌਰ ਜੀ |
| ਜਨਮ ਮਿਤੀ | – 9 ਦਸੰਬਰ, 1893 |
| ਘਰ ਦਾ ਤਿਆਗ ਤੇ ਸੇਵਾ ਪੰਥੀ ਸੰਤ ਰੂਪ ਧਾਰਨ ਕਰਨ ਦਾ ਸਮਾਂ | –ਸੰਨ 1918 (25 ਸਾਲ ਦੀ ਆਯੂ ਵਿੱਚ) |
| ਅਧਿਆਤਮਕ ਪਿਤਾ | – ਸ਼੍ਰੀਮਾਨ 108 ਮਹੰਤ ਭਾਈ ਗੁਲਾਬ ਸਿੰਘ ਜੀ |
| ਮਹੰਤ ਸਾਹਿਬ ਜੀ ਵੱਲੋਂ ਆਪਦੇ ਨਾਂ ਟਿਕਾਣੇ ਦੀ ਵਸੀਅਤ | – ਜਨਵਰੀ 1950 |
| ਟਿਕਾਣੇ ਦੀ ਸੇਵਾ ਸੰਭਾਲ ਅਥਵਾ ਮਹੰਤ ਦੀ ਪਦਵੀ ਦੀ ਪ੍ਰਾਪਤੀ | – 20 ਅਪ੍ਰੈਲ 1950 |
| ਹਰਿਮੰਦਰ (ਦਰਬਾਰ ਹਾਲ ਦਾ ਨੀਂਹ ਪੱਥਰ) | – 16 ਸਤੰਬਰ 1952 |
| ਜੋਤੀ ਜੋਤਿ ਸਮਾਏ | – 1 ਜਨਵਰੀ 1974 |

## ਸੇਵਾ ਤੇ ਸਿਮਰਨ ਦੇ ਪੁੰਜ: ਮਹੰਤ ਭਾਈ ਆਸਾ ਸਿੰਘ ਜੀ

*- ਮਹੰਤ ਕਾਹਨ ਸਿੰਘ 'ਸੇਵਾ ਪੰਥੀ'*

ਮਹੰਤ ਭਾਈ ਆਸਾ ਸਿੰਘ ਜੀ ਮਹਾਨ ਤਪੱਸਵੀ, ਭਜਨ ਦੀ ਮੂਰਤ, ਗੁਰਬਾਣੀ ਦੇ ਪਿਆਰੇ ਤੇ ਸੇਵਾ ਦੇ ਪੁੰਜ ਹੋਏ ਹਨ। ਇਨ੍ਹਾਂ ਦਾ ਜਨਮ 9 ਦਸੰਬਰ 1893 ਈ: ਨੂੰ ਪਿੰਡ ਫ਼ਾਜ਼ਲ ਜ਼ਿਲ੍ਹਾ ਮੀਆਂਵਾਲੀ (ਪਾਕਿਸਤਾਨ) ਵਿੱਚ ਪਿਤਾ ਭਾਈ ਨਿਧਾਨ ਸਿੰਘ ਜੀ ਤੇ ਮਾਤਾ ਟਹਿਲ ਕੌਰ ਜੀ ਦੇ ਘਰ ਹੋਇਆ। ਆਪ ਜੀ ਬਚਪਨ ਵਿੱਚ ਹੀ ਪਿਤਾ ਜੀ ਨਾਲ ਊਠਾਂ, ਬਲਦਾਂ ਦਾ ਵਪਾਰ ਕਰਦੇ ਰਹੇ। ਪਿੰਡ ਨਵਾਂ ਜੰਡਾਂਵਾਲਾ ਵਿੱਚ ਦੁਕਾਨਦਾਰੀ ਵੀ ਕੀਤੀ। ਬਚਪਨ ਵਿੱਚ ਹੀ ਇਨ੍ਹਾਂ ਨੇ ਗੁਰਬਾਣੀ ਦਾ ਪਾਠ ਮਾਤਾ-ਪਿਤਾ ਜੀ ਪਾਸੋਂ ਕੰਠ ਕਰ ਲਿਆ ਸੀ। ਕੰਮ-ਕਾਰ ਕਰਦੇ ਹੋਏ ਸਵੇਰ-ਸ਼ਾਮ ਬਾਣੀ ਦਾ ਨਿੱਤਨੇਮ ਕਰਦੇ। ਦੁਨਿਆਵੀ ਕੰਮਾਂ ਵਿੱਚ ਰੁਚੀ ਨਾ ਰੱਖਦੇ, ਇਸ ਲਈ ਕਈ ਵਾਰ ਘਾਟਾ ਵੀ ਪੈ ਜਾਂਦਾ। ਇਕ ਵਾਰ ਪੂਜਯ ਮਹੰਤ ਭਾਈ ਤੀਰਥ ਸਿੰਘ ਜੀ ਨੇ ਭਾਈ ਆਸਾ ਸਿੰਘ ਜੀ ਦੇ ਜੀਵਨ ਦੀ ਘਟਨਾ ਸੁਣਾਈ ਕਿ ਇਕ ਵਾਰ ਭਾਈ ਆਸਾ ਸਿੰਘ ਜੀ ਵਪਾਰ ਕਰਨ ਲਈ ਕਲੂਰਕੋਟ ਜਾ ਰਹੇ ਸਨ ਤੇ ਉਨ੍ਹਾਂ ਪਾਸੋਂ ਪੌਣੇ ਚਾਰ ਸੌ ਰੁਪਏ ਡਿੱਗ ਪਏ। ਘਰ ਪਹੁੰਚੇ ਤਾਂ ਪਿਤਾ ਜੀ ਇਨ੍ਹਾਂ ਨਾਲ ਬਹੁਤ ਗੁੱਸੇ ਹੋਏ। ਉਸ ਵੇਲੇ ਭਾਈ ਆਸਾ ਸਿੰਘ ਜੀ ਦੀ ਉਮਰ 25 ਕੁ ਸਾਲ ਦੀ ਸੀ।

ਪਿਤਾ ਜੀ, ਇਨ੍ਹਾਂ ਦੀ ਕੰਮ ਵਿੱਚ ਰੁਚੀ ਨਾ ਲੱਗਦੀ ਦੇਖਕੇ, ਭਾਈ ਆਸਾ ਸਿੰਘ ਜੀ ਨੂੰ ਨਾਲ ਲੈਕੇ, ਨੂਰਪੁਰ ਮਹੰਤ ਭਾਈ ਗੁਲਾਬ ਸਿੰਘ ਜੀ ਪਾਸ ਲੈ ਆਏ ਤੇ ਬੇਨਤੀ ਕੀਤੀ ਕਿ ਭਾਈ ਆਸਾ ਸਿੰਘ ਜੀ ਘਰ ਦੇ ਕੰਮ ਵਿੱਚ ਧਿਆਨ ਨਹੀਂ ਦਿੰਦੇ ਤੇ ਹਰ ਵੇਲੇ ਗੁਰਬਾਣੀ ਪੜ੍ਹਨ ਵੱਲ ਹੀ ਧਿਆਨ ਰਹਿੰਦਾ ਹੈ। ਇਹ ਗੱਲ ਸੁਣ ਕੇ ਮਹੰਤ ਭਾਈ ਗੁਲਾਬ ਸਿੰਘ ਜੀ ਕਹਿਣ ਲੱਗੇ, "ਇਹ ਬੱਚਾ ਤੁਹਾਡੇ ਕੰਮ ਦਾ ਨਹੀਂ ਹੈ, ਸਾਨੂੰ ਦੇ ਦਿਉ। ਇਹ ਸਤਿਸੰਗ ਕਰੇਗਾ, ਮਹਾਨ ਤੇਜੱਸਵੀ ਬਣੇਗਾ ਤੇ ਗੁਰੂ ਘਰ ਵਿੱਚ ਸੇਵਾ ਦੇ ਕਾਰਜ ਕਰਕੇ ਜਨਮ ਸਫ਼ਲ ਬਣਾਏਗਾ। ਇਨ੍ਹਾਂ ਦੇ ਸੇਵਾ ਸਿਮਰਨ ਦੇ ਸਦਕਾ ਤੁਹਾਡਾ ਨਾਂ ਵੀ ਰੌਸ਼ਨ ਹੋਵੇਗਾ।"

ਮਹੰਤ ਸਾਹਿਬ ਜੀ ਦੇ ਇਸ ਤਰ੍ਹਾਂ ਦੇ ਬਚਨ ਸੁਣ ਕੇ ਭਾਈ ਨਿਧਾਨ ਸਿੰਘ ਜੀ ਨੇ ਭਾਈ ਆਸਾ ਸਿੰਘ ਜੀ ਨੂੰ ਨੂਰਪੁਰ ਸੰਤ-ਮੰਡਲੀ ਵਿੱਚ ਅਰਪਣ ਕਰ ਦਿੱਤਾ ਤੇ ਆਪ ਵਾਪਸ ਘਰ ਆ ਗਏ। ਇਸ ਤਰ੍ਹਾਂ ਭਾਈ ਆਸਾ ਸਿੰਘ ਜੀ ਨੂਰਪੁਰ ਸਤਿਸੰਗ ਵਿੱਚ ਆਏ। ਆਪ ਟਿਕਾਣੇ ਵਿੱਚ ਸੇਵਾ ਦੇ ਕਾਰਜ ਬਹੁਤ ਪ੍ਰੇਮ ਦੇ ਨਾਲ ਕਰਦੇ ਤੇ ਗੁਰਬਾਣੀ ਹੋਰ ਵੀ ਕੰਠ ਕਰ ਲਈ ਤੇ ਰੋਜ਼ਾਨਾ ਨੇਮ ਨਾਲ ਪਾਠ ਕਰਦੇ। ਕੁਝ ਸਮੇਂ ਤੋਂ ਬਾਅਦ ਮਹਾਰਾਜ ਜੀ ਦੀ ਆਗਿਆ ਅਨੁਸਾਰ ਆਪ ਜੀ ਨੇ ਮਿੱਠਾ ਟਿਵਾਣਾ ਸੰਤਾਂ ਦੇ ਡੇਰੇ, ਸੰਤ ਵਜ਼ੀਰ ਸਿੰਘ ਜੀ ਪਾਸ ਕੀਰਤਨ ਦੀ ਸਿੱਖਿਆ ਪ੍ਰਾਪਤ ਕੀਤੀ ਉਪਰੰਤ ਅੰਮ੍ਰਿਤਸਰ ਭਾਈ ਮਨੀ ਸਿੰਘ ਜੀ ਦੀ ਚਲਾਈ ਟਕਸਾਲ ਵਿੱਚ, ਗਿਆਨੀ ਅਮੀਰ ਸਿੰਘ ਜੀ ਪਾਸੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਿਆ ਪੜ੍ਹੀ ਤੇ ਹੋਰ ਵੀ ਧਾਰਮਿਕ ਗ੍ਰੰਥ ਸਾਰਕੁਤਾਵਲੀ, ਵਿਚਾਰ ਮਾਲਾ, ਭਾਈ ਗੁਰਦਾਸ ਦੀਆਂ ਵਾਰਾਂ, ਕਬਿੱਤ ਆਦਿ ਦਾ ਅਰਥ-ਬੋਧ ਪ੍ਰਾਪਤ ਕੀਤਾ। ਤਕਰੀਬਨ 1927 ਤੱਕ ਧਾਰਮਿਕ ਵਿੱਦਿਆ ਵਿੱਚ ਕਾਫ਼ੀ ਵਾਧਾ ਕਰ ਲਿਆ, ਫਿਰ ਆਪ ਨੂਰਪੁਰ ਡੇਰੇ ਵਿੱਚ ਹਰ ਪ੍ਰਕਾਰ ਦੀ ਸੇਵਾ ਕਰਦੇ, ਗੁਰਮਤਿ ਦੀ ਸ੍ਰੇਸ਼ਟ ਰਹਿਣੀ ਦੇ ਮਾਲਕ ਸਨ। ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰਨ ਅਤੇ ਨਾਮ ਦਾ ਜਾਪ ਕਰਨ ਦਾ ਆਪ ਜੀ ਦਾ ਪੱਕਾ ਨੇਮ ਸੀ।

ਕੀਰਤਨ ਆਪ ਜੀ ਦੀ ਰੂਹਾਨੀ ਖੁਰਾਕ ਸੀ। ਸਵੇਰੇ ਆਸਾ ਦੀ ਵਾਰ ਦਾ ਕੀਰਤਨ ਅਤੇ ਰਾਤ ਨੂੰ ਆਰਤੀ ਤੇ ਸ਼ਬਦ ਕੀਰਤਨ ਕਰਨਾ, ਆਪ ਮਹਾਨ ਤਪੱਸਵੀ ਹੋਏ ਹਨ। ਰਾਤ ਨੂੰ ਖੂਹ ਦੀ ਝਲਾਰ ਤੇ ਬੈਠ ਕੇ ਭਜਨ ਕਰਨਾ ਤਾਂ ਕਿ ਨੀਂਦ ਨਾ ਆਵੇ। ਭੋਜਨ ਵੀ ਥੋੜ੍ਹਾ ਖਾਣਾ, ਨੀਂਦ ਥੋੜ੍ਹੀ ਕਰਨੀ। ਆਪ ਜੀ ਨੇ 40 ਦਿਨਾਂ ਵਿੱਚ ਸਵਾ ਲੱਖ ਮੂਲ-ਮੰਤਰ ਦਾ ਪਾਠ ਕੀਤਾ। ਇਸ ਤਰ੍ਹਾਂ ਸ਼ਬਦ ਅਭਿਆਸ, ਚਲੀਹੇ ਕਰਦਿਆਂ ਕਈ ਦੁੱਖ ਕੱਟੇ। ਆਪ ਦੇ ਜੀਵਨ ਦਾ ਮੁੱਖ ਮਨੋਰਥ ਪ੍ਰਭੂ ਦਾ ਸਿਮਰਨ ਕਰਨਾ ਹੀ ਸੀ। ਆਪ ਲੋਕਾਂ ਨਾਲ ਬਹੁਤੀ ਗੱਲਬਾਤ ਨਾ ਕਰਦੇ। ਸ੍ਰੀ ਗੁਰੂ ਅਮਰਦਾਸ ਜੀ ਦੇ ਕਥਨ ਅਨੁਸਾਰ ਆਪ ਲਬੁ ਲੋਭੁ ਅਹੰਕਾਰ ਤਜਿ ਤ੍ਰਿਸਨਾ ਬਹੁਤ ਨਾਹੀ ਬੋਲਣਾ ਦੇ ਪੂਰਨਿਆਂ ਤੇ ਚੱਲਦੇ, ਆਪ ਨੇ 1931 ਵਿੱਚ ਸੱਚ-ਖੰਡ ਸ੍ਰੀ ਹਜ਼ੂਰ ਸਾਹਿਬ ਵਿੱਚ ਜਾ ਕੇ ਖੰਡੇ-ਬਾਟੇ ਦਾ ਅੰਮ੍ਰਿਤਪਾਨ ਕੀਤਾ। ਗੁਰਮਤਿ ਦੀਆਂ ਰਹਿਤਾਂ ਵਿੱਚ ਹੋਰ ਵੀ ਪਰਪੱਕ ਹੋ ਗਏ।

1947 ਵਿੱਚ ਹਿੰਦ-ਪਾਕਿ ਦੀ ਵੰਡ ਸਮੇਂ ਹਿੰਦੂ-ਮੁਸਲਮਾਨਾਂ ਵਿੱਚ ਭਾਰੀ ਵਿਰੋਧ ਹੋਇਆ। ਬੰਦਿਆਂ ਦੀ ਕਟਾ-ਵੱਢੀ ਹੋਣ ਲੱਗੀ। ਉਸ ਸਮੇਂ ਨੂਰਪੁਰ ਇਲਾਕੇ ਦੇ ਹਿੰਦੂ-ਸਿੱਖ ਆਪਣੀਆਂ ਜਾਨਾਂ ਬਚਾਉਣ ਲਈ ਟਿਕਾਣੇ ਤੇ ਆ ਇਕੱਠੇ ਹੋਏ। ਟਿਕਾਣੇ ਦਾ ਅਸਥਾਨ ਇੰਨਾਂ ਵੱਡਾ ਸੀ ਕਿ ਪੰਜ ਹਜ਼ਾਰ ਪ੍ਰਾਣੀ ਪੌਣੇ ਦੋ ਮਹੀਨੇ ਟਿਕਾਣੇ ਦੇ ਅੰਦਰ ਬਹੁਤ ਹੀ ਸੌਖੇ ਰਹੇ, ਬੇਅੰਤ ਅਨਾਜ ਸੀ, ਖੁੱਲ੍ਹੇ ਲੰਗਰ ਵਰਤੇ ਤੋਟਿ ਨ ਆਵੈ ਵਧਦੋ ਜਾਈ ਵਾਲੀ ਗੱਲ ਹੋ ਗਈ। ਮਹੰਤ ਭਾਈ ਗੁਲਾਬ ਸਿੰਘ ਜੀ ਵਾਹਿਗੁਰੂ ਦੀ ਕਿਰਪਾ ਸਦਕਾ ਪੰਜ ਹਜ਼ਾਰ ਪ੍ਰਾਣੀਆਂ ਨੂੰ ਸਹੀ ਸਲਾਮਤ ਨੂਰਪੁਰ ਤੋਂ ਸਰਗੋਧੇ ਕੈਂਪ 5-6 ਦਿਨ ਰਹਿਣ ਤੋਂ ਬਾਅਦ ਅੰਮ੍ਰਿਤਸਰ ਲੈ ਆਏ। ਟਿਕਾਣੇ ਦੇ ਬਹੁਤ ਸਾਰੇ ਸਾਧੂ ਮਹਾਤਮਾ ਤੇ ਭਾਈ ਆਸਾ ਸਿੰਘ ਜੀ ਵੀ ਨਾਲ ਸਨ। ਮਹੰਤ ਭਾਈ ਆਸਾ ਸਿੰਘ ਜੀ ਆਪ ਹੀ ਦੱਸਦੇ ਹੁੰਦੇ ਸਨ ਕਿ ਜਦੋਂ ਮਿਲਟਰੀ ਦੀਆਂ 25 ਲਾਰੀਆਂ ਨੂਰਪੁਰ ਦੇ ਆਦਮੀਆਂ ਨੂੰ ਲੈਣ ਆਈਆਂ ਤਾਂ ਮਹੰਤ ਭਾਈ ਗੁਲਾਬ ਸਿੰਘ ਜੀ ਨੇ ਕਿਹਾ ਕਿ ਪਹਿਲਾਂ ਸਭ ਸੰਗਤਾਂ ਜਾਣਗੀਆਂ, ਅਸੀਂ ਸਭ ਤੋਂ ਪਿੱਛੋਂ ਆਵਾਂਗੇ। ਸਭ ਸੰਗਤਾਂ ਨੂੰ ਪਹਿਲਾਂ ਭੇਜ ਕੇ, ਆਪ ਸਭ ਤੋਂ ਪਿਛਲੀ ਗੱਡੀ ਵਿੱਚ ਸਵਾਰ ਹੋਏ ਤੇ ਇਕ ਟਰੱਕ ਵਿੱਚ 60 ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਬੜੇ ਸਤਿਕਾਰ ਨਾਲ ਰੱਖੀਆਂ। ਦੋ ਸੁਨਹਿਰੀ ਚੰਦੋਏ, ਦੋ ਵੱਡੀਆਂ ਫੋਟੋਆਂ, ਇਕ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਤੇ ਦੂਜੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ, ਨਾਲ ਲੈ ਕੇ ਆਏ। ਹੋਰ ਸਾਰਾ ਸਮਾਨ ਉਥੇ ਛੱਡ ਆਏ।

ਅੰਮ੍ਰਿਤਸਰ ਪੁੱਜ ਕੇ ਮਿੱਠੇ ਟਿਵਾਣੇ ਵਾਲੇ ਸੰਤ ਬਾਬਾ ਜਵਾਹਰ ਸਿੰਘ ਜੀ ਦੇ ਡੇਰੇ ਤੇ ਕੁੱਝ ਸਮਾ ਰਹੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਲੋੜ ਅਨੁਸਾਰ ਵੰਡ ਦਿੱਤੀਆਂ। ਫਿਰ ਅੰਨ-ਜਲ ਦੇ ਅਨੁਸਾਰ ਅੰਮ੍ਰਿਤਸਰ ਤੋਂ ਅੰਬਾਲੇ ਦੇ ਪਿੰਡ ਮਹਿਮੂਦਪੁਰ, ਸਰਬ ਸੰਤ-ਮੰਡਲੀ ਨੂੰ ਜਾ ਕੇ ਰਹਿਣਾ ਪਿਆ। 1948 ਵਿੱਚ ਬਾਬਾ ਜਗਤਾ ਸਾਹਿਬ ਜੀ ਦਾ ਇਕ ਸਾਲਾਨਾ ਯੱਗ-ਸਮਾਗਮ ਵੀ ਉਥੇ ਮਹਿਮੂਦਪੁਰ ਹੀ ਕੀਤਾ। ਭਾਈ ਪ੍ਰੇਮ ਸਿੰਘ, ਚੈਂਚਲ ਸਿੰਘ ਦਾ ਪਰਿਵਾਰ ਆਪਣੇ ਘਰ ਵਿੱਚ ਅਖੰਡ-ਪਾਠਾਂ ਦੇ ਪ੍ਰੋਗਰਾਮ ਕਰਵਾਉਣ ਲਈ ਮਹੰਤ ਭਾਈ ਗੁਲਾਬ ਸਿੰਘ ਜੀ ਨੂੰ ਸੰਤ ਮੰਡਲੀ ਸਹਿਤ, ਗੋਨਿਆਣਾ ਮੰਡੀ ਲੈ ਆਇਆ। ਇਥੇ ਪ੍ਰੇਮ ਸਿੰਘ ਦੇ ਪਰਿਵਾਰ ਨੇ ਆਪਣੇ ਘਰ ਤਿੰਨ ਸ੍ਰੀ ਅਖੰਡ-ਪਾਠ ਕਰਵਾਏ। 12-13 ਦਿਨ ਸਤਿਸੰਗ ਦਾ ਪ੍ਰਵਾਹ ਚੱਲਦਾ ਰਿਹਾ। ਭਾਈ ਪ੍ਰੇਮ ਸਿੰਘ ਦੇ ਪਰਿਵਾਰ ਨੇ ਬਹੁਤ ਸੇਵਾ ਕੀਤੀ।

ਸਤਿਸੰਗ ਦੇ ਪ੍ਰੇਮ ਨੂੰ ਵੇਖ ਕੇ ਫਿਰ ਕੁਝ ਸਮਾਂ ਰੇਲਵੇ ਫਾਟਕ ਦੇ ਨੇੜੇ ਗੁਰਦੁਆਰਾ ਭਾਈ ਕਾਲਾ ਸਿੰਘ ਵਿੱਚ ਰਹੇ। ਸਵੇਰੇ-ਸ਼ਾਮ ਸੰਗਤ ਬਹੁਤ ਜੁੜਿਆ ਕਰਦੀ। ਪਾਣੀ ਦੀ

ਧੂੜ੍ਹ ਨੂੰ ਵੇਖ ਕੇ ਸਾਰੇ ਸ਼ਹਿਰ ਦੇ ਲਈ ਇਕ ਡਿੱਗੀ ਦੀ ਖੁਦਾਈ ਸ਼ੁਰੂ ਕੀਤੀ ਜਿਸ ਵਿੱਚ ਨਹਿਰ ਦਾ ਪਾਣੀ ਭਰ ਲਿਆ ਜਾਵੇ ਅਤੇ ਸਾਰੇ ਨਗਰਵਾਸੀ ਇਥੋਂ ਪਾਣੀ ਲੈ ਸਕਣ। ਮਹੰਤ ਸਾਹਿਬ ਜੀ ਦੀ ਪ੍ਰੇਰਣਾ ਨਾਲ ਸੰਗਤਾਂ ਨੇ ਬੜੇ ਉਤਸ਼ਾਹ ਨਾਲ ਸੇਵਾ ਕੀਤੀ।

ਗੋਨਿਆਣਾ ਮੰਡੀ ਦੀਆਂ ਸੰਗਤਾਂ ਨੇ ਪੂਜਯ ਮਹੰਤ ਭਾਈ ਗੁਲਾਬ ਸਿੰਘ ਜੀ ਨੂੰ ਗੋਨਿਆਣਾ ਮੰਡੀ ਵਿਖੇ ਹੀ ਟਿਕਾਣਾ ਬਨਾਉਣ ਲਈ ਬੇਨਤੀ ਕੀਤੀ ਤੇ ਭਾਈ ਆਸਾ ਸਿੰਘ ਨੇ ਵੀ ਮਹੰਤ ਭਾਈ ਗੁਲਾਬ ਸਿੰਘ ਜੀ ਨੂੰ ਕਿਹਾ ਕਿ ਮਲੋਟ ਮੰਡੀ ਤੇ ਕੋਟਕਪੂਰਾ ਆਦਿ ਮੰਡੀਆਂ ਦੇ ਇਹ ਥਾਂ ਵਿਚਕਾਰ ਹੈ। ਗੱਡੀਆਂ ਅਤੇ ਬੱਸਾਂ ਦਾ ਸਾਧਨ ਵੀ ਆਮ ਹੈ, ਸੋ ਗੋਨਿਆਣਾ ਮੰਡੀ ਵਿੱਚ ਹੀ ਸਤਿਸੰਗ ਲਈ ਟਿਕਾਣਾ ਬਨਾਉਣਾ ਠੀਕ ਰਹੇਗਾ ਤੇ ਨਾਲ ਹੀ ਇਸ ਇਲਾਕੇ ਵਿੱਚ ਗੁਰਮਤਿ ਦੇ ਪ੍ਰਚਾਰ ਕਰਨ ਦੀ ਬਹੁਤ ਭਾਰੀ ਲੋੜ ਹੈ ਤਾਂ ਮਹੰਤ ਭਾਈ ਗੁਲਾਬ ਸਿੰਘ ਜੀ ਨੇ ਸੰਗਤ ਦੀ ਬੇਨਤੀ ਤੇ ਭਾਈ ਆਸਾ ਸਿੰਘ ਜੀ ਦੇ ਦ੍ਰਿੜ ਇਰਾਦੇ ਨੂੰ ਵੇਖ, ਸੁਣ ਕੇ ਕਿਹਾ ਕਿ ਜੇ ਤੁਸੀਂ ਗੁਰਮਤਿ ਅਸਥਾਨ ਬਣਾਉਣਾ ਚਾਹੁੰਦੇ ਹੋ ਤਾਂ ਥਾਂ ਦੀ ਭਾਲ ਕਰੋ। ਭਾਈ ਪ੍ਰੇਮ ਸਿੰਘ ਦੇ ਪਰਿਵਾਰ ਨੇ ਦਸਵੰਧ ਤੇ ਮੰਨਤ ਦੀ ਕੁਝ ਰਕਮ ਭੇਂਟ ਕੀਤੀ। ਭਾਈ ਹੁਕਮ ਸਿੰਘ ਪਾਸੋਂ ਜਗ੍ਹਾ ਖ਼ਰੀਦੀ। ਜਿੱਥੇ ਕੱਚੇ ਕਮਰੇ ਬਣੇ ਹੋਏ ਸਨ ਤੇ ਵਿਚਕਾਰ ਡਿਉਢੀ ਸੀ। ਉਨ੍ਹਾਂ ਬਣੇ ਹੋਏ ਕਮਰਿਆਂ ਦੇ ਉਪਰ ਹੀ ਸਤਿਸੰਗ ਵਾਸਤੇ ਹਾਲ ਦੀ ਉਸਾਰੀ ਸ਼ੁਰੂ ਕਰਵਾਈ। ਭਾਈ ਆਸਾ ਸਿੰਘ ਜੀ ਮਿਸਤਰੀ ਮਜ਼ਦੂਰਾਂ ਨਾਲ ਖ਼ੁਦ ਮਿਲ ਕੇ ਉਸਾਰੀ ਦੇ ਕੰਮ 'ਚ ਲੱਗੇ ਰਹਿੰਦੇ। ਗੁਰਦੁਆਰੇ ਦੀ ਉਸਾਰੀ ਹੁੰਦੀ ਦੇਖ ਕੇ ਇਲਾਕੇ ਦੀਆਂ ਸੰਗਤਾਂ ਬਹੁਤ ਖੁਸ਼ ਹੋਈਆਂ ਤੇ ਉਨ੍ਹਾਂ ਨੇ ਤਨ ਮਨ ਤੇ ਧਨ ਨਾਲ ਸੇਵਾ ਕਰਕੇ ਗੁਰੂ ਘਰ ਦੀਆਂ ਬਖ਼ਸ਼ਿਸ਼ਾਂ ਪ੍ਰਾਪਤ ਕੀਤੀਆਂ।

ਇਨ੍ਹਾਂ ਦਿਨਾਂ ਵਿੱਚ ਹੀ ਮਲੋਟ ਮੰਡੀ ਦੀਆਂ ਸੰਗਤਾਂ, ਗੁਰਸਿੱਖ ਪ੍ਰੇਮੀ ਬੜੇ ਪ੍ਰੇਮ ਨਾਲ ਮਹੰਤ ਭਾਈ ਗੁਲਾਬ ਸਿੰਘ ਜੀ ਨੂੰ ਮਲੋਟ ਲੈ ਗਏ। ਉਥੇ ਰਹਿ ਕੇ ਕਾਫ਼ੀ ਸਮਾਂ ਸਤਿਸੰਗ ਦਾ ਪ੍ਰਵਾਹ ਚਲਾਇਆ। ਜਨਵਰੀ 1949 ਵਿੱਚ ਬਾਬਾ ਜਗਤਾ ਸਾਹਿਬ ਜੀ ਦਾ ਸਾਲਾਨਾ ਯੱਗ-ਸਮਾਗਮ ਮਲੋਟ ਮੰਡੀ ਵਿੱਚ ਹੀ ਕੀਤਾ। ਉਥੋਂ ਦੀਆਂ ਸੰਗਤਾਂ ਨੇ ਬਹੁਤ ਪ੍ਰੇਮ ਨਾਲ ਸੇਵਾ ਕੀਤੀ ਫਿਰ ਮਹੰਤ ਭਾਈ ਗੁਲਾਬ ਸਿੰਘ ਜੀ ਗੋਨਿਆਣਾ ਮੰਡੀ ਆਏ। ਇਸੇ ਸਮੇਂ ਗੋਨਿਆਣਾ ਮੰਡੀ ਵਿੱਚ ਛੋਟਾ ਦਰਬਾਰ ਹਾਲ ਬਣ ਚੁੱਕਾ ਸੀ। ਸਤਿਸੰਗ ਦਾ ਪ੍ਰਵਾਹ ਬਹੁਤ ਸੋਹਣਾ ਚੱਲ ਰਿਹਾ ਸੀ। ਮਹੰਤ ਭਾਈ ਗੁਲਾਬ ਸਿੰਘ ਜੀ ਅੰਮ੍ਰਿਤਸਰ ਵੈਸਾਖੀ ਦਾ ਇਸ਼ਨਾਨ ਕਰਨ ਲਈ ਗਏ ਉਥੇ ਸ੍ਰੀਮਾਨ ਮਹੰਤ ਜਵਾਹਰ ਸਿੰਘ ਜੀ ਦੇ ਟਿਕਾਣੇ ਤੇ ਟਿਕੇ। ਉਥੇ ਰਹਿੰਦਿਆਂ ਸਰੀਰ ਨੂੰ ਕੁਝ ਤਕਲੀਫ਼ ਹੋਈ। ਅੰਤ 20 ਅਪ੍ਰੈਲ 1950 ਈ: ਨੂੰ ਸ੍ਰੀ ਗੁਰੂ ਰਾਮਦਾਸ ਜੀ ਦੇ ਚਰਨਾਂ ਵਿੱਚ ਲੀਨ ਹੋ ਗਏ।

ਉਪਰੰਤ ਸੇਵਾ ਪੰਥੀ ਸੰਪਰਦਾਇ ਦੇ ਮਹਾਂਪੁਰਖਾਂ ਤੇ ਸਮੂਹ ਸੰਗਤਾਂ ਨੇ ਮਿਲ ਕੇ ਗੋਨਿਆਣਾ ਮੰਡੀ ਵਿੱਚ ਡੇਰੇ ਦੀ ਸੇਵਾ, ਮਹੰਤ ਭਾਈ ਆਸਾ ਸਿੰਘ ਜੀ ਨੂੰ ਸੌਂਪੀ। ਸੰਤ ਭਾਈ ਹਰੀ ਸਿੰਘ ਜੀ ਨੂੰ ਜ਼ਮੀਨਾਂ ਦੇ ਪ੍ਰਬੰਧ ਤੇ ਹੋਰ ਸੇਵਾ ਲਈ ਵਜ਼ੀਰ ਦੀ ਪਦਵੀ ਬਖ਼ਸ਼ੀ। ਸ੍ਰੀਮਾਨ ਮਹੰਤ ਭਾਈ ਆਸਾ ਸਿੰਘ ਜੀ ਨੇ ਡੇਰੇ ਵਿੱਚ ਸਤਿਸੰਗ ਲਈ 2 ਅੱਸੂ, ਸੰਮਤ 2010 ਨੂੰ ਦਰਬਾਰ ਹਾਲ ਦੀ ਨੀਂਹ ਰੱਖੀ ਜੋ ਬੜੀਆਂ ਕਠਿਨ ਘਾਲਨਾਵਾਂ ਨਾਲ ਕਈ ਸਾਲਾਂ ਵਿੱਚ ਪੂਰਾ ਕੀਤਾ। ਇਸ ਲਈ ਕਿਸੇ ਪਾਸ ਅਪੀਲ ਨਹੀਂ ਕੀਤੀ।

ਸੋ ਦਰਬਾਰ ਸਾਹਿਬ ਇਸ ਵੇਲੇ ਸੁੰਦਰ ਸ਼ੋਭਾ ਪਾ ਰਿਹਾ ਹੈ। ਹਜ਼ਾਰਾਂ ਮਨੁੱਖ ਸਤਿਸੰਗ ਦਾ ਅਨੰਦ ਮਾਣਦੇ ਹਨ ਸੇਵਕ ਕਉ ਸੇਵਾ ਬਨਿ ਆਈ ਦੇ ਧਾਰਨੀ ਹੋਣ ਕਾਰਣ ਇਲਾਕੇ ਦੀ ਲੋੜ ਮਹਿਸੂਸ ਕੀਤੀ, ਧਰਮ ਦਾ ਗਿਆਨ ਤੇ ਵਿੱਦਿਆ ਦਾ ਚਾਨਣ ਦੇਣ ਲਈ ਭਾਈ ਜਗਤਾ ਜੀ ਮਿਡਲ ਸਕੂਲ ਚਾਲੂ ਕੀਤਾ। ਇਲਾਕੇ ਦੇ ਭਲੇ ਲਈ ਕਾਲਜ ਦੀ

ਸਥਾਪਨਾ ਵੀ ਆਪਣੇ ਹੱਥਾਂ ਨਾਲ ਕੀਤੀ। ਆਪ ਜੀ ਪੂਰਨ ਪ੍ਰਤਾਪੀ, ਜਪ, ਤਪ, ਸਤ ਵਿੱਚ ਬਚਨਾਂ ਦੇ ਪੂਰੇ, ਗਿਆਨਵਾਨ ਤੇ ਪ੍ਰੇਮੀਆਂ ਨੂੰ ਸੱਚੇ ਮਾਰਗ ਤੇ ਚੱਲਣ ਦੀ ਪ੍ਰੇਰਣਾ ਕਰਦੇ ਸਨ। ਆਪਣੇ ਪ੍ਰਭੂ ਦਾ ਸਿਮਰਨ ਕਰਨਾ ਤੇ ਵੰਡ ਛਕਣ ਲਈ ਆਖਦੇ ਸਨ, ਦੇਖੋ ਭਾਈ! ਸੀਹੇਂ ਨੂੰ ਗੁਰੂ ਅੰਗਦ ਦੇਵ ਜੀ ਨੇ ਬੱਕਰੇ ਵੱਢਣ ਤੋਂ ਰੋਕਿਆ ਸੀ ਤੇ ਬੱਚੇ ਦੀ ਖੁਸ਼ੀ ਮਨਾਉਣ ਸਮੇਂ ਬਰਾਦਰੀ ਵਿੱਚ ਸਾਦਾ ਭੋਜਨ ਵਰਤਾਇਆ ਸੀ, ਸੋ ਇਸ ਤਰ੍ਹਾਂ ਦੇ ਪ੍ਰਮਾਣ ਦੇ ਕੇ ਜੀਵਾਂ ਨੂੰ ਚੰਗੇ ਰਾਹ ਪਾਉਂਦੇ।

ਕਬੀਰ ਖੂਬੁ ਖਾਨਾ ਖੀਚਰੀ ਜਾ ਮਹਿ ਅੰਮ੍ਰਿਤ ਲੋਨੁ ॥
ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ ॥੧੮੮॥

(ਸਲੋਕ ਭਗਤ ਕਬੀਰ ਜੀਉ ਕੇ, ਪੰਨਾ ੧੩੭੪)

ਆਪ ਜੀ ਨੇ ਸਤਿਸੰਗ ਦਾ ਪ੍ਰਵਾਹ ਚਲਾਇਆ, ਨਿਤਾਪ੍ਰਤੀ ਨੇਮ ਨਾਲ ਸਤਿਸੰਗਤ ਵਿੱਚ ਬੈਠ ਕੇ ਕੀਰਤਨ ਸੁਣਦੇ ਸਨ। ਆਪ ਜੀ ਰਾਤ ਦੇ ਇਕ ਵਜੇ ਜਾਗਦੇ ਇਸ਼ਨਾਨ ਕਰਕੇ ਨਾਮ ਦਾ ਸਿਮਰਨ ਕਰਦੇ, ਤਿੰਨ ਵਜੇ ਜਪੁਜੀ ਸਾਹਿਬ ਆਦਿ ਬਾਣੀ ਦਾ ਪਾਠ ਕਰਦੇ, ਫਿਰ ਗੁਰੂ ਦਰਬਾਰ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ। ਆਪ ਜੀ ਸੰਗਤ ਵਿੱਚ ਬੈਠ ਕੇ ਰਾਗਮਈ ਢੰਗ ਨਾਲ ਸੁਖਮਨੀ ਸਾਹਿਬ ਦਾ ਪਾਠ ਕਰਦੇ ਉਪਰੰਤ ਆਸਾ ਦੀ ਵਾਰ ਦਾ ਕੀਰਤਨ ਹੁੰਦਾ। ਰੋਜ਼ਾਨਾ ਸ਼ਬਦ ਵਿਚਾਰ, ਗੁਰਬਾਣੀ ਦੀ ਕਥਾ ਹੁੰਦੀ। ਆਪ ਜੀ ਸਤਿਸੰਗ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਵਿੱਚ ਅਡੋਲ ਬੈਠੇ ਰਹਿੰਦੇ ਸਨ। ਭਜਨ-ਬੰਦਗੀ ਕਰਨ ਵਾਲਿਆਂ ਨਾਲ ਬਹੁਤ ਪ੍ਰੇਮ ਕਰਦੇ ਸਨ। ਆਏ ਗਏ ਯਾਤਰੀਆਂ ਦੀ ਹੱਥੀਂ ਸੇਵਾ ਕਰਕੇ ਬੜੇ ਖੁਸ਼ ਹੁੰਦੇ ਸਨ। ਗ਼ਰੀਬਾਂ ਨੂੰ ਨਿਵਾਜਣਾ ਆਪ ਜੀ ਦਾ ਸੁਭਾਅ ਬਣ ਗਿਆ ਸੀ। ਹਰ ਇਕ ਦੇ ਦੁੱਖ-ਸੁੱਖ ਵਿੱਚ ਸ਼ਰੀਕ ਹੁੰਦੇ ਤੇ ਉਨ੍ਹਾਂ ਦੀ ਹਰ ਤਰ੍ਹਾਂ ਨਾਲ ਸਹਾਇਤਾ ਵੀ ਕਰਦੇ। ਕੋਈ ਵੀ ਆਪ ਜੀ ਦੇ ਦਰ ਤੋਂ ਖਾਲੀ ਨਾ ਜਾਂਦਾ। ਗਉੜੀ ਬਾਵਨ ਅਖਰੀ ਦਾ ਪਾਠ ਤੇ ਹੋਰ ਬਹੁਤ ਸਾਰੀ ਬਾਣੀ ਪੜ੍ਹਨੀ ਆਪ ਜੀ ਦਾ ਨਿੱਤ-ਨੇਮ ਸੀ। ਆਪ ਜੀ ਕੁਦਰਤ ਦੇ ਕੌਤਕਾਂ ਨੂੰ ਦੇਖ ਕੇ ਕਾਦਰ ਤੋਂ ਬਲਿਹਾਰ ਜਾਂਦੇ। ਜਦੋਂ ਵੀ ਆਕਾਸ਼ ਤੇ ਬੱਦਲਾਂ ਨੂੰ ਦੇਖਦੇ, ਖਾਲਾਂ ਵਿੱਚ ਚੱਲਦਾ ਪਾਣੀ ਦੇਖਦੇ ਤਾਂ ਆਖਦੇ, ਵਾਹ! ਪਰਮਾਤਮਾ ਤੇਰੇ ਰੰਗ।

ਆਪ ਜੀ ਦੇ ਸ਼ਰਧਾਲੂ, ਆਪ ਜੀ ਨੂੰ ਇਕ ਧਾਰਮਿਕ ਅਤੇ ਰੂਹਾਨੀ ਆਗੂ ਤੇ ਉਸਰੱਈਏ ਮੰਡੀ ਦੇ ਨਿਰਮਾਤਾ, ਮਿਹਰਾਂ ਦੇ ਦਾਤੇ, ਭਾਈ ਜਗਤਾ ਜੀ ਮਿਡਲ ਸਕੂਲ, ਗਰਲਜ਼ ਕਾਲਜ ਅਤੇ ਗੁਰੂ ਨਾਨਕ ਲਾਇਬਰੇਰੀ ਦੇ ਸੰਸਥਾਪਕ ਹੋਣ ਕਾਰਣ ਦਿਲੀ ਪਿਆਰ ਅਤੇ ਸਤਿਕਾਰ ਦਿੰਦੇ ਸਨ।

ਸੇਵਕ ਕਉ ਸੇਵਾ ਬਨਿ ਆਈ ਆਦਰਸ਼ ਦੇ ਧਾਰਨੀ, ਸੇਵਾ ਦੇ ਪੁੰਜ, ਮਹਾਨ ਪਰਉਪਕਾਰੀ, ਨਾਮ ਬਾਣੀ ਦੇ ਰਸੀਏ, ਸਾਦਗੀ ਤੇ ਸਰਲਤਾ ਦੇ ਅਵਤਾਰ, ਪੂਰਨ ਪੁਰਖ ਮਹੰਤ ਆਸਾ ਸਿੰਘ ਜੀ ਦਸਮੇਸ਼ ਪਿਤਾ ਦਾ ਗੁਰਪੁਰਬ ਮਨਾਉਂਦੇ। ਚੜ੍ਹਦੇ ਸਾਲ 1 ਜਨਵਰੀ, 1974 ਦਿਨ ਮੰਗਲਵਾਰ ਨੂੰ ਅੰਮ੍ਰਿਤ ਵੇਲੇ 5 ਵਜੇ ਆਪਣੀ 80 ਸਾਲਾ ਜੀਵਨ-ਯਾਤਰਾ ਸਫਲ ਕਰਕੇ ਅਚਾਨਕ ਗੁਰੂ ਚਰਨਾਂ ਵਿੱਚ ਅਭੇਦ ਹੋ ਗਏ। ਐਸੇ ਮਹਾਂਪੁਰਖਾਂ ਲਈ ਗੁਰਬਾਣੀ ਦਾ ਕਥਨ ਹੈ:

ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥
ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥੨॥

(ਸੂਹੀ ਮਹਲਾ ੫, ਪੰਨਾ ੭੪੯)

# ਪਰਉਪਕਾਰੀ, ਵਿੱਦਿਆਦਾਨੀ,

## ਬ੍ਰਹਮ ਗਿਆਨੀ ਮਹੰਤ ਤੀਰਥ ਸਿੰਘ ਜੀ 'ਸੇਵਾ ਪੰਥੀ'

ਮਹਾਨ ਪਰਉਪਕਾਰੀ, ਵਿਦਿਆਦਾਨੀ, ਬ੍ਰਹਮ ਗਿਆਨੀ ਸੰਤ ਬਾਬਾ ਤੀਰਥ ਸਿੰਘ ਜੀ 'ਸੇਵਾ ਪੰਥੀ' ਦਾ ਜਨਮ 12 ਫਰਵਰੀ 1925 ਨੂੰ ਨਵਾਂ ਜੰਡਾਂ ਵਾਲਾ ਜ਼ਿਲ੍ਹਾ ਸ਼ਾਹਪੁਰ (ਪਾਕਿਸਤਾਨ) ਵਿਖੇ ਸ: ਤਾਰਾ ਸਿੰਘ ਦੇ ਘਰ ਮਾਤਾ ਸੇਵਾ ਬਾਈ ਦੀ ਕੁੱਖੋਂ ਹੋਇਆ । ਭਾਈ ਤਾਰਾ ਸਿੰਘ ਦੇ ਚਾਰ ਲੜਕੇ ਤੇ ਸੱਤ ਲੜਕੀਆਂ ਸਨ । ਸਭ ਤੋਂ ਵੱਡਾ ਲੜਕਾ ਸੀ ਬਿਸ਼ਨ ਸਿੰਘ, ਚੌਥੇ ਨੰਬਰ ਤੇ ਤੀਰਥ ਸਿੰਘ ਇਨ੍ਹਾਂ ਤੋਂ ਛੋਟੇ ਭਾਈ ਅਰਜਨ ਸਿੰਘ ਤੇ ਸਭ ਤੋਂ ਛੋਟੇ ਭਾਈ ਮੋਹਨ ਸਿੰਘ ਹੋਏ ਸਨ । ਜਨਮ ਤੋਂ ਕੁੱਝ ਘੰਟੇ ਮਗਰੋਂ ਭਾਈ ਤਾਰਾ ਸਿੰਘ ਜੀ ਨੂੰ ਸੁਭਾਵਿਕ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਵਨ ਹੁਕਮਨਾਮਾ ਲਿਆ ਤਾਂ ਵਾਕ ਨਿਕਲਿਆ 'ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥' (ਪੰ: 687) ਸੁਜਾਨ ਪਿਤਾ ਨੇ ਉਸ ਵਾਕ ਅਨੁਸਾਰ ਬਾਲਕ ਦਾ ਨਾਮ ਤੀਰਥ ਸਿੰਘ ਰੱਖ ਦਿੱਤਾ ਅਤੇ ਇਸ ਨੂੰ 'ਬਾਬੇ ਜਗਤੇ ਦਾ ਸਾਧ' ਬਨਾਉਣ ਦਾ ਸੰਕਲਪ ਧਾਰਿਆ । ਉਮਰ ਦੇ 13 ਸਾਲ ਆਪਣੇ ਪਿੰਡ ਨਵੇਂ ਜੰਡਾਂ ਵਾਲਾ ਵਿੱਚ ਬਿਤਾਏ, ਮੁੱਢਲੀ ਵਿੱਦਿਆ ਇਥੇ ਹੀ ਪ੍ਰਾਪਤ ਕੀਤੀ । ਭਾਈ ਤੀਰਥ ਸਿੰਘ ਜੀ ਬਚਪਨ ਤੋਂ ਹੀ ਉਜੱਲ ਸੰਸਕਾਰੀ ਅਤੇ ਅਧਿਆਤਮਕ ਬਿਰਤੀ ਵਾਲੇ ਸਨ ।

1938 ਵਿੱਚ ਤੀਰਥ ਸਿੰਘ ਨੂੰ ਮਹੰਤ ਭਾਈ ਆਸਾ ਸਿੰਘ ਜੀ ਮਾਤਾ ਪਿਤਾ ਦੀ ਇੱਛਿਆ ਅਤੇ ਆਗਿਆ ਨਾਲ ਨੂਰਪੁਰ ਡੇਰੇ ਲੈ ਆਏ ਤੇ ਮਹੰਤ ਗੁਲਾਬ ਸਿੰਘ ਦੇ ਅਰਪਨ ਕਰ ਦਿੱਤਾ, ਜਿਨ੍ਹਾਂ ਨੇ ਇਨ੍ਹਾਂ ਤੇ ਮਿਹਰ ਭਰਿਆ ਹੱਥ ਟਿਕਾਈ ਰੱਖਿਆ । ਟਿਕਾਣੇ ਵਿੱਚ ਸੇਵਾ ਸਿਮਰਨ ਤੇ ਵਿਦਿਆ ਪ੍ਰਾਪਤੀ ਆਪ ਜੀ ਦੇ ਜੀਵਨ ਦਾ ਆਧਾਰ ਬਣ ਗਏ, ਦੁਨਿਆਵੀ ਤੇ ਧਾਰਮਿਕ ਵਿਦਿਆ ਪ੍ਰਾਪਤ ਕੀਤੀਆਂ । ਜਤ-ਸਤ ਪਾਲਣ ਦੀ ਸ਼ਕਤੀ, ਨਾਮ ਅਭਿਆਸ ਕਮਾਈ, ਗੁਰਬਾਣੀ ਦਾ ਅਰਥ ਬੋਧ ਸਭ ਗ੍ਰਹਿਣ ਕਰ ਲਏ । ਇੱਕ ਦਿਨ ਮਹੰਤ ਜਵਾਹਰ ਸਿੰਘ ਅਤੇ ਮਹੰਤ ਗੁਲਾਬ ਸਿੰਘ ਜੀ ਨੇ ਵਿਚਾਰ-ਵਿਮਰਸ਼ ਕਰਦਿਆਂ, ਤੀਰਥ ਸਿੰਘ ਬਾਰੇ ਭਵਿਖ ਬਾਣੀ ਕੀਤੀ ਕਿ ਇਹ ਬਾਲਕ ਸੰਸਾਰਿਕ, ਧਾਰਮਿਕ, ਅਧਿਆਤਮਿਕ ਸਭ ਵਿਦਿਆ ਪੜ੍ਹ ਜਾਵੇਗਾ ਅਤੇ ਅੱਗੇ ਪੜ੍ਹਾਵੇਗਾ । ਵਿੱਦਿਆ ਫੈਲਾਉਣ ਵਾਸਤੇ ਸਕੂਲ, ਕਾਲਜ ਖੋਲ੍ਹੇਗਾ, ਇਹ ਚੇਲਾ ਮਹੰਤ ਆਸਾ ਸਿੰਘ ਜੀ ਦਾ ਹੋਵੇਗਾ । ਇਹ ਭਵਿੱਖਬਾਣੀ ਪ੍ਰਤੱਖ ਸਿੱਧ ਹੋਈ ।

ਸ੍ਰੀਮਾਨ ਮਹੰਤ ਆਸਾ ਸਿੰਘ ਜੀ ਨੇ ਆਪਣੇ ਚੇਲਿਆਂ ਵਿੱਚੋਂ ਸੰਤ ਤੀਰਥ ਸਿੰਘ ਨੂੰ ਹਰ ਪੱਖੋਂ ਯੋਗ ਸਮਝਦਿਆਂ 15 ਜਨਵਰੀ 1973 ਨੂੰ ਆਪਣਾ ਉਤਰਾਧਿਕਾਰੀ ਮਨੋਨੀਤ ਕੀਤਾ । 31 ਦਸੰਬਰ 1973 ਦੀ ਰਾਤ ਨੂੰ ਮਹੰਤ ਆਸਾ ਸਿੰਘ ਜੀ ਨੇ ਠੀਕ-ਠਾਕ ਵਿਸ਼ਰਾਮ ਕੀਤਾ । ਚੜ੍ਹਦੇ ਨਵੇਂ ਸਾਲ ਅੰਮ੍ਰਿਤ ਵੇਲੇ ਸਵੇਰੇ 4 ਵਜੇ ਚੋਲਾ ਤਿਆਗ ਗਏ । ਭੇਖ ਦੀ ਮਰਿਆਦਾ ਅਨੁਸਾਰ 15 ਜਨਵਰੀ 1974 ਨੂੰ ਸਾਲਾਨਾ ਯੱਗ ਦਿਹਾੜੇ ਦਸਤਾਰਬੰਦੀ ਹੋਈ, ਝਾੜੂ ਤੇ ਕੌਲ ਸੇਵਾ ਦੇ ਚਿੰਨ੍ਹ ਸਮਰਪਨ ਹੋਏ ਤਾਂ ਜੋ ਟਹਿਲ ਸੇਵਾ ਦਾ ਸੰਦੇਸ਼ਾ ਸਦਾ ਯਾਦ ਰਹੇ ।

ਸੰਤ ਤੀਰਥ ਸਿੰਘ ਜੀ ਨੇ ਮਹੰਤ ਦੀ ਪਦਵੀ ਗ੍ਰਹਿਣ ਕਰਦਿਆਂ ਜਨ-ਪਰਉਪਕਾਰ ਕਮਾਉਣ ਦੇ ਕਾਰਜਾਂ ਵਿੱਚ ਜੁੱਟ ਗਏ । ਸੇਵਾ ਪੰਥੀਆਂ ਦੇ ਇਤਿਹਾਸ ਵਿੱਚ ਆਪ ਦਾ ਸੇਵਾ ਕਾਲ 'ਸੁਨਹਿਰੀ ਕਾਲ' ਵਜੋਂ ਜਾਣਿਆ ਜਾਵੇਗਾ ।

ਮਹੰਤ ਤੀਰਥ ਸਿੰਘ ਜੀ ਨੇ ਆਪਣੀ ਸੇਵਾ ਦੌਰਾਨ ਟਿਕਾਣਾ ਭਾਈ ਜਗਤਾ ਜੀ ਸਾਹਿਬ ਦੇ ਪ੍ਰਕਾਸ਼ ਤੋਂ ਬਾਦ ਜੋ ਪ੍ਰਸਾਰ ਕੀਤਾ । 'ਕਹਿਬੇ ਕੋ ਸੋਭਾ

ਨਾਹੀ ਦੇਖਾਂ ਹੀ ਪ੍ਰਵਾਨ' ਵਰਤਮਾਨ ਨਵੀਨ ਏ.ਸੀ. ਦਰਬਾਰ ਹਾਲ, ਦਰਸ਼ਨੀ ਡਿਉੜੀ, ਨਿਸ਼ਾਨ ਸਾਹਿਬ ਦਾ ਝੁਲਾਉ, ਬ੍ਰਹਮ ਗਿਆਨੀ ਬਾਬਾ ਜਗਤਾ ਜੀ ਦੀ ਯਾਦਗਾਰ , ਦੋ ਮੰਜਿਲਾਂ ਮਹੰਤ ਗੁਲਾਬ ਸਿੰਘ ਨਿਵਾਸ, ਤਿੰਨ ਮੰਜਿਲਾਂ ਗੁਰੂ ਤੇਗ ਬਹਾਦਰ ਭਵਨ, ਸੁਖ ਆਸਨ ਸਥਾਨ, ਸੰਤ ਹਰੀ ਸਿੰਘ ਲੰਗਰ ਹਾਲ, ਮਹੰਤ ਗੁਲਾਬ ਸਿੰਘ ਦੀਵਾਨ ਹਾਲ, ਸੰਤਪੁਰਾ, ਭਾਈ ਭੱਲਾ ਰਾਮ ਆਸ਼ਰਮ, ਭਾਈ ਘਨੱਈਆ ਚੈਰੀਟੇਬਲ ਹਸਪਤਾਲ ਵਿੱਚ ਦੰਦ ਵਿਭਾਗ ਤੇ ਅੱਖ ਵਿਭਾਗ ਦਾ ਨਿਰਮਾਨ ਹੋਇਆ । ਭਾਈ ਸੇਵਾ ਰਾਮ ਵਚਿੱਤਰਸ਼ਾਲਾ ਦੀ ਪੁਨਰ ਸਥਾਪਨਾ ਕਰਵਾਈ । ਟਿਕਾਣੇ ਦੇ ਨਾਲ ਲਗਦੇ ਦੋ ਮਕਾਨ ਨਵੇਂ ਆਸ਼ਰਮ ਬਨਾਉਣ ਲਈ ਖਰੀਦੇ ਗਏ ਹਨ । ਭਾਈ ਆਸਾ ਸਿੰਘ ਗਰਲਜ਼ ਕਾਲਜ ਦੀ ਤਿੰਨ ਮੰਜਿਲਾਂ ਇਮਾਰਤ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਸਭ ਤੋਂ ਉਤਮ ਹੈ ।

ਸੰਤ ਬਾਬਾ ਤੀਰਥ ਸਿੰਘ ਨੂੰ 'ਮਹਾਨ ਵਿਦਿਆਦਾਨੀ' ਇਸ ਕਰਕੇ ਕਹਿੰਦੇ ਹਨ ਕਿਉਂ ਜੋ ਆਪ ਜੀ ਦੀ ਪ੍ਰਧਾਨਗੀ/ਸਰਪ੍ਰਸਤੀ ਤੇ ਅਗਵਾਈ ਵਿੱਚ ਸਿੱਖਿਆ ਤੇ ਸੇਵਾ ਸੰਸਥਾਵਾਂ ਸਫ਼ਲਤਾਪੂਰਵਕ ਚੱਲ ਰਹੀਆਂ ਹਨ ਜਿਵੇਂ ਕਿ ਹੋਮਿਓਪੈਥਿਕ ਮੈਡੀਕਲ ਕਾਲਜ ਅਤੇ ਹਸਪਤਾਲ, ਅਬੋਹਰ, ਮਹੰਤ ਗੁਪਾਲ ਸਿੰਘ ਇੰਸਟੀਚਿਊਟ ਆਫ ਕੰਪੀਟੀਸ਼ਨ ਐਂਡ ਇੰਪਲਾਇਮੈਂਟ ਪਟਿਆਲਾ,ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਬਠਿੰਡਾ, ਸ੍ਰੀ ਗੁਰੂ ਤੇਗ ਬਹਾਦਰ ਚੈਰੀਟੇਬਲ ਹਸਪਤਾਲ ਲੁਧਿਆਣਾ, ਗੁਰੂ ਤੇਗ ਬਹਾਦਰ ਖਾਲਸਾ ਪੋਲੀਟੈਕਨਿਕ ਅਤੇ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਕਾਲਜ, ਗੁਰੂ ਤੇਗ ਬਹਾਦਰ ਕਾਲਜ ਆਫ ਫਾਰਮੇਸੀ ਛਾਪਿਆਂਵਾਲੀ ਮਲੋਟ (ਮੁਕਤਸਰ) ।

ਟਿਕਾਣਾ ਭਾਈ ਜਗਤਾ ਜੀ ਸਾਹਿਬ ਗੋਨਿਆਣਾ ਮੰਡੀ (ਬਠਿੰਡਾ) ਵਿਖੇ ਚੱਲ ਰਹੇ ਅਦਾਰੇ ਭਾਈ ਆਸਾ ਸਿੰਘ ਗਰਲਜ਼ ਕਾਲਜ, ਭਾਈ ਆਸਾ ਸਿੰਘ ਕਾਲਜੀਏਟ ਸੰਕੈਡਰੀ ਸਕੂਲ, ਭਾਈ ਜਗਤਾ ਜੀ ਹਾਈ ਸਕੂਲ, ਭਾਈ ਘੱਨਈਆ ਸੇਵਾ ਸੁਸਾਇਟੀ, ਭਾਈ ਘੱਨਈਆ ਚੈਰੀਟੇਬਲ ਟ੍ਰਸੱਟ, ਗੁਰੂ ਨਾਨਕ ਲਾਇਬ੍ਰੇਰੀ, ਸੇਵਾ ਪੰਥੀ ਗੁਰਮਤਿ ਵਿਦਿਆਲਾ, ਭਾਈ ਘੱਨਈਆ ਚੈਰੀਟੇਬਲ ਹਸਪਤਾਲ, ਭਾਈ ਸੇਵਾ ਰਾਮ ਵਚਿੱਤਰਸ਼ਾਲਾ, ਭਾਈ ਘੱਨਈਆ ਸੇਵਾ ਜੋਤੀ (ਪੰਜਾਬੀ ਮਾਸਿਕ), ਦਫਤਰ ਵਰ-ਘਰ ਕਾਇਮ ਹਨ ।

ਟਿਕਾਣਾ ਭਾਈ ਜਗਤਾ ਜੀ ਸਾਹਿਬ ਦੇ ਮੁੱਖ ਸੇਵਾ ਕੇਂਦਰ ਨਾਲ ਸੰਬੰਧਿਤ ਗੁਰਦੁਆਰੇ ਇਸ ਪ੍ਰਕਾਰ ਹਨ : ਗੁਰਦੁਆਰਾ ਭਾਈ ਜਗਤਾ ਜੀ ਸਾਹਿਬ, ਮਲੋਟ (ਮੁਕਤਸਰ) । ਗੁਰਦੁਆਰਾ ਭਾਈ ਜਗਤਾ ਜੀ ਸਾਹਿਬ, ਨਵੀਨ ਨਗਰ, ਦਿੱਲੀ ਰੋਡ, ਸਹਾਰਨਪੁਰ (ਯੂ.ਪੀ.) । ਸੇਵਾ ਪੰਥੀ ਗੁਰਦੁਆਰਾ ਭਾਈ ਸੁਹੇਲ ਸਿੰਘ ਜੀ, ਨਵੀਂ ਬਸਤੀ, ਗੋਨਿਆਣਾ ਮੰਡੀ (ਬਠਿੰਡਾ) । ਗੁਰਦੁਆਰਾ ਸਾਹਿਬ ਭਾਈ ਘੱਨਈਆ ਨਗਰ (ਰੇਲਵੇ ਫਾਟਕ), ਗੋਨਿਆਣਾ ਮੰਡੀ (ਬਠਿੰਡਾ), ਗੁਰਦੁਆਰਾ ਭਾਈ ਜਗਤਾ ਜੀ ਸਾਹਿਬ ਬਸਤੀ ਹਿੰਮਤਪੁਰਾ ਜੈਤੋ (ਫਰੀਦਕੋਟ) । ਗੁਰਦੁਆਰਾ ਭਾਈ ਜਗਤਾ ਜੀ ਸਾਹਿਬ, ਬਸਤੀ ਧਰਮਪੁਰਾ ਬੁੱਢਲਾਡਾ (ਮਾਨਸਾ)। ਗੁਰਦੁਆਰਾ ਭਾਈ ਜਗਤਾ ਜੀ ਸਾਹਿਬ, ਪਟੇਲ ਰੋਡ, ਅੰਬਾਲਾ (ਹਰਿਆਣਾ) । ਗੁਰਦੁਆਰਾ ਭਾਈ ਜਗਤਾ ਜੀ ਸਾਹਿਬ, ਅਨੂਪ ਨਗਰ, ਬਠਿੰਡਾ । ਗੁਰਦੁਆਰਾ ਭਾਈ ਜਗਤਾ ਜੀ ਸਾਹਿਬ, ਯਾਦਗਰ ਬਾਬਾ ਬਚਨ ਸਿੰਘ, ਗਲੀ ਜੈੜਾ ਬਚਨ ਸਿੰਘ (ਬਠਿੰਡਾ) । ਗੁਰਦੁਆਰਾ ਭਾਈ ਜਗਤਾ ਜੀ ਸਾਹਿਬ ਸਾਹਮਣੇ ਸਪੋਰਟਸ ਸਟੇਡੀਅਮ ਬਠਿੰਡਾ । ਗੁਰਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਸਤਿਸੰਗ ਸਭਾ, ਕੋਟਕਪੂਰਾ (ਫਰੀਦਕੋਟ)।

ਗੋਨਿਆਣਾ ਮੰਡੀ ਦੇ ਆਲੇ ਦੁਆਲੇ ਦੇ ਨਗਰਾਂ ਵਿੱਚ ਅਣਗਿਣਤ ਗੁਰਦੁਆਰਿਆਂ ਦੀ ਸਥਾਪਨਾ ਕਰਵਾਈ ਤੇ ਖੁੱਲੀ ਸਹਾਇਤਾ ਤੇ ਸਹਿਯੋਗ

ਦਿੱਤਾ, ਇਸ ਤੋਂ ਇਲਾਵਾ ਚੌਂਹ ਗੁਰੂਆਂ ਦੀ ਚਰਨ ਛੋਹ ਪ੍ਰਾਪਤ ਗੁਰਦੁਆਰਾ ਲੱਖੀ ਜੰਗਲ ਦੇ ਗੁੰਬਦਾਂ ਤੇ ਚੀਨੀ ਦੀ ਟੁਕੜੀ ਲਾਉਣ, ਗੁੰਬਦੋਂ ਅਤੇ ਨਿਸ਼ਾਨ ਸਾਹਿਬ ਦੇ ਖੰਡੇ ਤੇ ਸੋਨਾ ਚੜ੍ਹਾਉਣ ਦੀ ਸੇਵਾ ਕੀਤੀ, ਸਰੋਵਰ ਦੀ ਸੇਵਾ ਕਰਵਾਈ ਤੇ ਟਿਊਬਵੈੱਲ ਸਿਸਟਮ ਦੁਆਰਾ ਪਾਣੀ ਪਾਉਣ ਤੇ ਕੱਢਣ ਦਾ ਪ੍ਰਬੰਧ ਕੀਤਾ।

ਸੰਤ ਬਾਬਾ ਤੀਰਥ ਸਿੰਘ ਜੀ ਨੇ ਆਪਣੇ ਜੀਵਨ ਕਾਲ ਵਿੱਚ 1969 ਤੋਂ 2006 ਤੱਕ ਨੌਂ ਗੁਰੂ ਸਾਹਿਬਾਂ ਦੀਆਂ ਸ਼ਤਾਬਦੀਆਂ ਬੜੇ ਉੱਚ ਪੱਧਰ ਤੇ ਇਲਾਕੇ ਭਰ ਵਿੱਚ ਮਨਾਈਆਂ । ਚੀਫ ਖਾਲਸਾ ਦੀਵਾਨ, ਅੰਮ੍ਰਿਤਸਰ ਦੀ ਐਜੂਕੇਸ਼ਨਲ ਕਮੇਟੀ ਵੱਲੋਂ ਚੰਡੀਗੜ੍ਹ ਵਿਖੇ 84ਵੀਂ ਕਾਨਫਰੰਸ ਤੋਂ ਬਾਦ ਲੰਮੇ ਸਮੇਂ ਤੋਂ ਇਹ ਸਿਲਸਿਲਾ ਬੰਦ ਪਿਆ ਸੀ, ਸੰਤ ਬਾਬਾ ਤੀਰਥ ਸਿੰਘ ਜੀ ਨੇ 1985 ਵਿੱਚ 55ਵੀਂ ਸਰਬ ਹਿੰਦ ਸਿੱਖ ਐਜੂਕੇਸ਼ਨਲ ਕਾਨਫਰੰਸ ਟਿਕਾਣਾ ਭਾਈ ਜਗਤਾ ਜੀ ਸਾਹਿਬ, ਗੋਨਿਆਣਾ ਮੰਡੀ ਵਿਖੇ ਕਰਵਾ ਕੇ, ਮੁੜ ਇਹ ਸਿਲਸਿਲਾ ਚਾਲੂ ਕੀਤਾ । ਮੁੜ ਆਪਣੀ ਸਰਪ੍ਰਸਤੀ ਵਿੱਚ ਛੇ ਅਜਿਹੀਆਂ ਕਾਨਫਰੰਸਾਂ, ਮਲੋਟ, ਪਟਿਆਲਾ, ਲੁਧਿਆਣਾ, ਅੰਮ੍ਰਿਤਸਰ ਵਿਖੇ ਕਰਵਾਈਆਂ ਤੇ ਵੱਡੀਆਂ-ਵੱਡੀਆਂ ਸੰਸਥਾਵਾਂ ਕਾਇਮ ਕੀਤੀਆਂ । ਸਿੱਖ ਜਗਤ ਨੂੰ ਬਾਬਾ ਜੀ ਦੀ ਇਹ ਬਹੁਤ ਵੱਡੀ ਦੇਣ ਹੈ ।

ਸੰਤ ਬਾਬਾ ਤੀਰਥ ਸਿੰਘ ਜੀ ਨੇ 'ਭਾਈ ਘੱਨਈਆ ਐਵਾਰਡ' ਦੇਣ ਦੀ ਪਰੰਪਰਾ ਚਲਾਈ, ਕੋਈ ਸੰਸਥਾ ਜਾਂ ਵਿਅਕਤੀ ਮਾਨਵਤਾ ਦੀ ਨਿਸ਼ਕਾਮ ਸੇਵਾ ਕਮਾਉਣ ਵਾਲੇ ਨੂੰ ਇਹ ਐਵਾਰਡ ਦਿੱਤਾ ਜਾਂਦਾ ਹੈ , 15 ਜਨਵਰੀ 2008 ਨੂੰ ਛੇਵਾਂ ਭਾਈ ਘੱਨਈਆ ਐਵਾਰਡ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜੱਥੇਦਾਰ ਅਵਤਾਰ ਸਿੰਘ ਮੱਕੜ ਦੇ ਕਰ ਕਮਲਾਂ ਦੁਆਰਾ ਸੇਵਾ ਨੂੰ ਸਮਰਪਿਤ ਸ: ਰਾਜ ਸਿੰਘ ਪਾਣੀਪਤ ਨੂੰ ਪ੍ਰਦਾਨ ਕੀਤਾ ਗਿਆ । ਬਾਬਾ ਜੀ ਦੇ ਉੱਦਮ ਤੇ ਉਪਰਾਲੇ ਨਾਲ ਭਾਰਤ ਸਰਕਾਰ ਤੋਂ ਭਾਈ ਘਨੱਈਆ ਯਾਦਗਾਰੀ ਟਿਕਟ ਜਾਰੀ ਕਰਵਾਈ । ਹੋਰ ਸਦੀਵੀ ਯਾਦਗਾਰੀ ਸੇਵਾ ਕਾਰਜ ਭਾਈ ਘਨੱਈਆ ਸੇਵਾ ਜੋਤੀ (ਮਾਸਿਕ ਪੱਤ੍ਰਿਕਾ) ਦੀ ਪ੍ਰਕਾਸ਼ਨਾ, ਸੇਵਾ ਪੰਥੀ ਸਾਹਿਤ ਦੀ ਸੰਭਾਲ ਤੇ ਪ੍ਰਕਾਸ਼ਨਾ, ਜਪੁ ਬੋਧ, ਸਿੱਧ ਗੋਸ਼ਟਿ, ਆਸਾ ਦੀ ਵਾਰ ਦੇ ਟੀਕੇ ਛਪਵਾ ਕੇ ਮੁਫ਼ਤ ਵੰਡਣਾ, ਗੁਰਬਾਣੀ ਵਿਚਾਰ ਦੀਆਂ ਸੀਡੀਆਂ ਵੰਡਣਾ ਵਰਨਣ ਯੋਗ ਹਨ । ਬਾਬਾ ਜੀ ਨੇ ਦੇਸ਼ਾਂ ਵਿਦੇਸ਼ਾਂ ਵਿੱਚ ਅਨਗਿਣਤ ਗੁਰਦੁਆਰੇ, ਕੋਠੀਆਂ, ਫੈਕਟਰੀਆਂ, ਕਾਰਖਾਨਿਆਂ, ਸਕੂਲਾਂ-ਕਾਲਜਾਂ, ਹਸਪਤਾਲਾਂ, ਡਿਸਪੈਂਸਰੀਆਂ ਦੇ ਨੀਹ ਪੱਥਰ ਤੇ ਉਦਘਾਟਨ ਕੀਤੇ, ਇਸ ਤੋਂ ਇਲਾਵਾ ਸਮੇਂ-ਸਮੇਂ ਅੱਖਾਂ, ਦੰਦਾਂ, ਖੂਨਦਾਨ, ਮੈਡੀਕਲ ਚੈੱਕਅੱਪ ਕੈਂਪਾਂ ਦੇ ਉਦਘਾਟਨ ਕਰਦੇ ਰਹੇ । ਬਾਬਾ ਜੀ ਦੀਆਂ ਨਿਸ਼ਕਾਮ ਸੇਵਾਵਾਂ ਨੂੰ ਮੁੱਖ ਰੱਖਦਿਆਂ ਬਹੁਤ ਸਾਰੀਆਂ ਉੱਘੀਆਂ ਸੰਸਥਾਵਾਂ ਨੇ ਸਮੇਂ ਸਮੇਂ ਸਨਮਾਨਿਤ ਕੀਤਾ ਬੇਸ਼ੁਮਾਰ ਸਨਮਾਨ ਚਿੰਨ੍ਹ ਦਰਸ਼ਨਾਂ ਲਈ ਵਚਿੱਤਰਸ਼ਾਲਾ ਵਿੱਚ ਰੱਖੇ ਗਏ ਹਨ ।

15 ਜਨਵਰੀ 2008 ਨੂੰ 196 ਸਾਲਾ ਸਾਲਾਨਾ ਯੱਗ ਸਮਾਗਮ ਸੰਪੂਰਨ ਕਰਕੇ ਸੰਗਤਾਂ ਨਾਲ ਵੱਧਾਈਆਂ ਸਾਂਝੀਆਂ ਕਰਕੇ ਲੰਗਰ ਪਾਣੀ ਛੱਕ ਕੇ ਵਿਸ਼ਰਾਮ ਕਰਨ ਲਈ ਤਿਆਰ ਸਨ, ਰਾਤ 10.30 ਵਜੇ ਕੁਝ ਘਬਰਾਹਟ ਮਨਾਈ, ਦਵਾਈ ਲਈ ਤੇ ਟੀਕਾ ਲਗਵਾਇਆ, ਪਰ ਕੋਈ ਫਰਕ ਮਹਿਸੂਸ ਨਾ ਕਰਦਿਆਂ ਦਿੱਲੀ ਹਾਰਟ ਇੰਸਟੀਚਿਊਟ ਬਠਿੰਡਾ ਲਈ ਆਪ ਕਾਰ ਵਿੱਚ ਬੈਠ ਕੇ ਬਠਿੰਡਾ ਪੁੱਜ ਗਏ ਅਤੇ 11.00 ਵਜੇ ਦਾ ਸਮਾਂ ਸੀ ਤੇ ਜਾਂਚ ਉਪਰੰਤ ਪਤਾ ਲੱਗਿਆ ਕਿ ਉਨ੍ਹਾਂ ਨੇ ਸਵਾਸ ਤਿਆਗ ਦਿੱਤੇ ਹਨ । ਅਦਾਰਾ ਸੇਵਾ ਜੋਤੀ ਵੱਲੋਂ ਮਹਾਨ ਸ਼ਖ਼ਸੀਅਤ ਨੂੰ ਸ਼ਰਧਾਂਜਲੀ ਭੇਟ ਕੀਤੀ ਜਾਂਦੀ ਹੈ ।

ਚਮਨ ਸਿੰਘ 'ਚਮਨ'
ਮੁੱਖ ਸੰਪਾਦਕ
ਭਾਈ ਘਨੱਈਆ ਸੇਵਾ ਜੋਤੀ

# ਅਨਮੋਲ ਬਚਨ

-ਮੈਡਮ ਸਤੀਸ਼ ਸ਼ਾਹਣੀ

- ਚੰਗੇ ਸਾਥੀਆਂ ਦੇ ਨਾਲ ਰਹਿਣਾ ਹੀ ਕਾਫੀ ਨਹੀਂ,ਆਪ ਵੀ ਚੰਗੇ ਬਣਨ ਦਾ ਯਤਨ ਕਰੋ।

  अच्छे साथियो के साथ रहना ही काफी नही, खुद भी अच्छे बनने का यत्न करो ।

  It is not sufficient to live in a good company of friends,try to make yourself good also.

- ਤੁਸੀਂ ਦੁਨੀਆਂ ਦੇ ਹਰ ਧਰਮ ਦਾ ਆਦਰ ਕਰੋ,ਪਰ ਆਪਣੇ ਮਨ ਨੂੰ ਆਪਣੇ ਧਰਮ ਤੇ ਨਿਸ਼ਚਾ ਰੱਖਕੇ ਹੀ ਤ੍ਰਿਪਤ ਰੱਖੋ।

  आप दुनिया के हर धर्म का आदर करो लेकिन अपने मन को अपने धर्मपर ही निश्चय रख कर तृप्त रखो ।

  Respect all the religions of the world but pacify your mind having full faith in your own religion.

- ਇਸ ਮਾਇਆ ਦਾ ਕੀ ਮਾਨ ਕਰਦੇ ਹੋ, ਜੋ ਬ੍ਰਿਛ ਦੀ ਛਾਂ ਵਾਂਗ ਅੱਜ ਹੈ ਸ਼ਾਇਦ ਕੱਲ੍ਹ ਨਾ ਹੋਵੇ।

  इस माया का क्या अभिमान करते हो, जो वृक्ष की छाया की तरह आज है शायद कल न हो ।

  Do not be proud of this wealth which like the shade of a tree exit today and may disappear tomorrow.

- ਘੱਟ ਬੋਲਣਾ ਅਕਲਮੰਦੀ ਹੈ , ਘੱਟ ਖਾਣਾ ਸਿਹਤ ਹੈ, ਘੱਟ ਸੋਣਾ ਇਬਾਦਤ ਹੈ ਅਤੇ ਲੋਕਾਂ ਨਾਲ ਘੱਟ ਮਿਲਣਾ ਆਰਾਮ ਹੈ।

  कम बोलना अकलमन्दी है, कम खाना सेहत है, कम सोना इबादत है और लोगों से कम मिलना आराम है।

  To speak less means wisdom,to eat less means health,to sleep less means prayer and to meet people less means rest.

- ਤਾਕਤਵਰ ਬੰਦੇ ਆਦਤਾਂ ਨੂੰ ਆਪਣੀ ਮਰਜੀ ਅਨੁਸਾਰ ਢਾਲ ਲੈਂਦੇ ਹਨ। ਕਮਜ਼ੋਰ ਬੰਦੇ ਆਦਤਾਂ ਦੇ ਅਧੀਨ ਹੋ ਜਾਇਆ ਕਰਦੇ ਹਨ।

  बलवान मनुष्य अपनी आदतों को अपनी इच्छा के अनुसार ढाल लेते हैं । कमजोर इन्सान आदतों के अधीन हो जाया करते हैं ।

  Men of strong determination mould their habits accordingly but weak persons are prone to their habits.

# ਦਫ਼ਤਰ ਵਰ - ਘਰ

ਟਿਕਾਣਾ ਭਾਈ ਜਗਤਾ ਜੀ ਸਾਹਿਬ, ਗੋਨਿਆਣਾ ਮੰਡੀ, ਜ਼ਿਲ੍ਹਾ ਬਠਿੰਡਾ (ਪੰਜਾਬ)
ਮੁੱਖ ਸਰਪ੍ਰਸਤ : ਮਹੰਤ ਕਾਹਨ ਸਿੰਘ 'ਸੇਵਾ ਪੰਥੀ'
ਦਫ਼ਤਰ ਇੰਚਾਰਜ : ਸਿਲਵੰਤ ਕੌਰ
ਸੰਪਰਕ ਫ਼ੋਨ : 0164-2262051 (ਸਵੇਰੇ 9 ਤੋਂ ਸ਼ਾਮ 4 ਵਜੇ ਤੱਕ),

ਜਿਨ੍ਹਾਂ ਨੇ ਦਫ਼ਤਰ ਵਰ-ਘਰ ਵਿੱਚ ਫ਼ਾਰਮ ਭਰੇ ਹੋਏ ਹਨ ਉਹ ਚਿੱਠੀ-ਪੱਤਰ ਕਰਨ ਸਮੇਂ ਬਾਕਸ ਨੰਬਰ ਤੇ ਲੜਕੇ / ਲੜਕੀ ਦੀ ਕਾਰਡ ਸਾਈਜ਼ ਫੋਟੋ ਰਜਿਸਟਰਡ ਪੱਤਰ ਰਾਹੀ-ਜ਼ਰੂਰ ਭੇਜਣ ਦੀ ਕਿਰਪਾ ਕਰਨ। ਜੇਕਰ ਆਪ ਜੀ ਦੇ ਲੜਕੇ / ਲੜਕੀ ਦਾ ਰਿਸ਼ਤਾ ਹੋ ਜਾਂਦਾ ਹੈ ਤਾਂ ਦਫ਼ਤਰ ਵਰ-ਘਰ ਨੂੰ ਸੂਚਿਤ ਕਰਨ ਦੀ ਕਿਰਪਾਲਤਾ ਕਰਨੀ।

## ਵਰ ਦੀ ਲੋੜ

1. ਅਰੋੜਾ ਸਿੱਖ ਭਟੇਜਾ, B.D.S., 26 ਸਾਲ 5'3" ਲੜਕੀ ਲਈ ਯੋਗ ਵਰ ਦੀ ਲੋੜ ਹੈ। (Box No. 1353)
2. ਅਰੋੜਾ ਸਿੱਖ ਮੱਕੜ, M.A., N.T.T. ,Computer Course., 27 ਸਾਲ, 5' 2" ਲੜਕੀ ਲਈ ਯੋਗ ਵਰ ਦੀ ਲੋੜ ਹੈ। (Box No. 1354)
3. ਅਰੋੜਾ ਸਿੱਖ ਗੁੰਬਰ,M.A. Political Science, Computer Course, 24 ਸਾਲ, 5'3" ਲੜਕੀ ਲਈ ਯੋਗ ਵਰ ਦੀ ਲੋੜ ਹੈ। (Box No. 1355)
4. ਅਰੋੜਾ ਸਿੱਖ ਚਾਵਲਾ, B.A.,Diploma Computer Course, 24 ਸਾਲ, 5'2" Divorcy ਲੜਕੀ ਲਈ ਯੋਗ ਵਰ ਦੀ ਲੋੜ ਹੈ। (Box No. 1356)

## ਕੰਨਿਆ ਦੀ ਲੋੜ

1. ਜੱਟ ਸਿੱਖ ਸਿੱਧੂ ਬਰਾੜ, 9th Pass, 28 ਸਾਲ, 5'10" ਲੜਕੇ ਲਈ ਯੋਗ ਕੰਨਿਆ dhb Vj ? (Box No. 3273)
2. ਅਰੋੜਾ ਸਿੱਖ ਮੱਕੜ, M.A. Political Sci., 29 ਸਾਲ, 5'8" ਲੜਕੇ ਲਈ ਯੋਗ ਕੰਨਿਆ ਦੀ ਲੋੜ ਹੈ। (Box No. 3274)
3. ਖੱਤਰੀ ਸਿੱਖ ਅਰਨੇਜਾ, M.A. Eco., M.Tech., 28 ਸਾਲ, 5' 10" ਲੜਕੇ ਲਈ ਯੋਗ ਕੰਨਿਆ ਦੀ ਲੋੜ ਹੈ। (Box No. 3275)
4. ਅਰੋੜਾ ਸਿੱਖ ਅਨੇਜਾ, B.A., 29 ਸਾਲ, 5'8" ਲੜਕੇ ਲਈ ਯੋਗ ਕੰਨਿਆ ਦੀ ਲੋੜ ਹੈ। (Old Box No. 3257)

ਸ੍ਰੀਮਾਨ ਮਹੰਤ ਕਾਹਨ ਸਿੰਘ ਜੀ ਨੇ ਸੁਭਾਸ਼ ਮਿੱਤਲ ਪ੍ਰਿੰਟਿੰਗ ਪ੍ਰੈਸ ਬਠਿੰਡਾ ਤੋਂ ਛਪਵਾ ਕੇ 'ਭਾਈ ਘਨੱਈਆ ਸੇਵਾ ਸੁਸਾਇਟੀ' (ਰਜਿ:) 'ਟਿਕਾਣਾ ਭਾਈ ਜਗਤਾ ਜੀ ਸਾਹਿਬ, ਗੋਨਿਆਣਾ ਮੰਡੀ, ਜ਼ਿਲ੍ਹਾ ਬਠਿੰਡਾ (ਪੰਜਾਬ) ਤੋਂ ਮਿਤੀ 1 ਜਨਵਰੀ 2009 ਨੂੰ ਜਾਰੀ ਕੀਤਾ।

# ਸੀ.ਬੀ.ਐਸ.ਈ. ਦਿੱਲੀ ਵੱਲੋਂ

**ਸ਼੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਬਠਿੰਡਾ ਵਿਖੇ ਐਨ.ਟੀ.ਟੀ./ਏ.ਈ.ਪੀ. ਪ੍ਰੋਗਰਾਮ ਟੀਚਰਾਂ ਅਤੇ ਪ੍ਰਿੰਸੀਪਲਾਂ ਵਾਸਤੇ ਮਿਤੀ 15 ਦਸੰਬਰ ਤੋਂ 18 ਦਸੰਬਰ 2008 ਤੱਕ ਆਯੋਜਿਤ ਹੋਇਆ ਜਿਸ ਵਿੱਚ 45 ਸਕੂਲਾਂ, 62 ਪ੍ਰਿੰਸੀਪਲਾਂ ਅਤੇ 100 ਦੇ ਕਰੀਬ ਟੀਚਰਾਂ ਨੇ ਭਾਗ ਲਿਆ ।**







1. ਸੀ.ਬੀ.ਐਸ.ਈ. ਐਜੂਕੇਸ਼ਨ ਅਫਸਰ ਡਾ: ਐਸ.ਕੇ. ਜੇਨਾ, 2. ਸੀਨੀਅਰ ਰੀਸੋਰਸ ਪਰਸਨ ਸ੍ਰੀਮਤੀ ਪ੍ਰਿਆ ਅਸਨਾਨੀ 3. ਰੀਸੋਰਸ ਪਰਸਨ ਸ੍ਰੀਮਤੀ ਤਾਵਿਸ਼ੀ ਦਿੱਲੀ ਨੂੰ ਮਹੰਤ ਕਾਹਨ ਸਿੰਘ ਜੀ ਸਕੂਲ ਵ: ਟ੍ਰਸਟ ਦੇ ਪ੍ਰਧਾਨ ਅਤੇ ਚੇਅਰਮੈਨ, ਸੈਕਟਰੀ ਸੰਧੂ ਸਾਹਿਬ, ਸਹਾਇਕ ਸੈਕਟਰੀ ਮੋਖਾ ਜੀ, ਪ੍ਰਿੰਸੀਪਲ, ਹੋਰ ਟ੍ਰਸਟੀ ਤੇ ਪਤਵੰਤੇ ਸਨਮਾਨਿਤ ਕਰਦੇ ਹੋਏ ।

Bhai Kanhaiya Sewa Joti (Monthly)
**Postal Regd.No.BTI/003/2009-2011 Dt. 22-12-2008**
R.N.I. Regd. No. 046716/84

# 343ਵੇਂ ਪ੍ਰਕਾਸ਼ ਉਤਸਵ ਦੀ

## ਲੱਖ-ਲੱਖ ਵਧਾਈ

ਸਾਹਿਬੇ ਕਮਾਲ ਕਲਗੀਧਰ ਦਸਮੇਸ਼ ਪਿਤਾ



## ਸ੍ਰੀ ਗੁਰੂ ਗੋਬਿੰਦ ਸਿੰਘ ਜੀ

**ਵਾਹ ਪ੍ਰਗਟਿਓ ਮਰਦ ਅਗੰਮੜਾ ਤਹੀ ਪ੍ਰਕਾਸ਼ ਹਮਾਰਾ ਭਯੋ ॥ ਪਟਨਾ ਸਹਿਰ ਬਿਖੈ ਭਵ ਲਯੋ ॥**

ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ ਜੀ ਦਾ ਸਾਰਾ ਜੀਵਨ ਮਰਦ ਅਗੰਮੜੇ ਦੇ ਰੂਪ ਵਿੱਚ ਹੀ ਬੀਤਿਆ ਇਤਿਹਾਸ ਗਵਾਹ ਹੈ ਕਿ ਉਹਨਾਂ ਦਾ ਪ੍ਰਕਾਸ਼, ਅਕਾਲ ਪੁਰਖ ਦੇ ਆਦੇਸ਼ ਅਨੁਸਾਰ ਹੋਇਆ, ਜਿਸਦਾ ਮੰਤਵ ਗੁਰੂ ਜੀ ਦੀ ਆਪਣੀ ਰਚਨਾ ਅਨੁਸਾਰ ਧਰਮ ਦੀ ਸਥਾਪਨਾ, ਦੁਸ਼ਟਾਂ ਦਾ ਨਾਸ਼ ਤੇ ਸੰਤ ਮਹਾਂਪੁਰਸ਼ਾਂ ਦੀ ਰੱਖਿਆ ਕਰਨੀ ਸੀ। ਸੰਤ ਸਿਪਾਹੀ ਰੂਪ ਵਿੱਚ ਖਾਲਸਾ ਪੰਥ ਦੀ ਸਾਜਣਾ ਕਰਨੀ, ਪੰਜ ਪਿਆਰਿਆਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾਉਣਾ ਅਤੇ ਉਨ੍ਹਾਂ ਤੋਂ ਆਪ ਵੀ ਅੰਮ੍ਰਿਤ ਦੀ ਅਭਿਲਾਸ਼ਾ ਕਰਨੀ ਤੇ ਛਕਣਾ। ਗੁਰੂ ਗੋਬਿੰਦ ਸਿੰਘ ਜੀ ਨੇ ਦੇਸ਼ ਸਵੈਮਾਨ ਦੀ ਸੁਰੱਖਿਆ ਵਾਸਤੇ ਤੇ ਖਾਲਸਾ ਕੌਮ ਦੀ ਸਿਰਜਣਾ ਲਈ ਸਾਰਾ ਪਰਿਵਾਰ ਮਾਤਾ-ਪਿਤਾ, ਚਾਰੋਂ ਲਾਲ, ਧੰਨ ਦੌਲਤ, ਪਿਆਰੇ ਸਿੱਖ ਤੇ ਆਪਣਾ ਆਪ ਸ਼ਹੀਦ ਕਰਵਾ ਕੇ ਆਪਣੇ ਪਿਆਰੇ ਪੰਥ ਨੂੰ ਉਚਾ ਰੱਖਿਆ ਹੈ। ਸੰਸਾਰ ਦੇ ਇਤਿਹਾਸ ਵਿੱਚ ਐਸਾ ਕੋਈ ਵੀ ਅਵਤਾਰ, ਪੈਗੰਬਰ, ਭਗਤ ਤੇ ਸੰਤ ਦਿਖਾਈ ਨਹੀਂ ਦਿੰਦਾ, ਜਿਸ ਦਾ ਮੁਕਾਬਲਾ ਗੁਰੂ ਗੋਬਿੰਦ ਸਿੰਘ ਜੀ ਨਾਲ ਕੀਤਾ ਜਾ ਸਕੇ। ਨਿਰਸੰਦੇ ਹੀ ਗੁਰੂ ਗੋਬਿੰਦ ਸਿੰਘ ਜੀ ਦੀ ਜੀਵਨ ਸਾਧਨਾ ਅਤੇ ਸੰਪੂਰਨ ਸ਼ਖਸੀਅਤ ਇੱਕ ਮਰਦ ਅਗੰਮੜੇ ਤੇ ਸਰਬੰਸਦਾਨੀ ਦੀ ਹੀ ਹੈ। ਉਨ੍ਹਾਂ ਦਾ ਸਮੁੱਚਾ ਜੀਵਨ ਸੱਚ, ਪ੍ਰੇਮ, ਅਣਖ ਤੇ ਅਜ਼ਾਦੀ ਦੇ ਗੁਣਾਂ ਨਾਲ ਸ਼ਿੰਗਾਰਿਆ ਹੋਇਆ ਹੈ।

ਆਪਣੀ ਆਤਮ ਕਥਾ 'ਬਚਿੱਤਰ ਨਾਟਕ' ਵਿੱਚ ਦਸਵੇਂ ਪਾਤਿਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸੰਸਾਰ ਤੇ ਆਉਣ ਦਾ ਪ੍ਰਯੋਜਨ ਸ਼ਪੱਸ਼ਟ ਕਰਦੇ ਹੋਏ ਆਖਿਆ ਹੈ ਕਿ ਅਕਾਲ ਪੁਰਖ ਨੇ ਮੈਨੂੰ ਧਰਮ ਚਲਾਉਣ, ਧਰਮ ਦੀ ਰੱਖਿਆ ਕਰਨ ਅਤੇ ਵਿਰੋਧੀ ਦੁਸ਼ਟਾਂ ਨੂੰ ਸੋਧਣ ਲਈ ਇਸ ਸੰਸਾਰ ਅੰਦਰ ਭੇਜਿਆ ਹੈ, ਇਸ ਗੱਲ ਦੀ ਗਵਾਹੀ ਇਤਿਹਾਸ ਭਰਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਸਾਰੀ ਜ਼ਿੰਦਗੀ ਲੋਕਾਂ ਨੂੰ ਧਰਮ ਦਾ ਮਾਰਗ ਸਮਝਾਇਆ ਆਪਣਾ ਨਾਮ ਨਹੀਂ ਜਪਾਇਆ। ਦਸਮ ਪਾਤਿਸ਼ਾਹ ਦੇ ਜਗਤ ਪ੍ਰਸਿੱਧ ਬੋਲ ਧਰਮ ਦੀ ਅਜ਼ਾਦੀ ਤੇ ਮਾਨਵਤਾ ਦੀ ਭਾਵਨਾ ਨੂੰ ਵੀ ਉਭਾਰਦੇ ਹਨ। ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫੀ॥ ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ ॥ ਗੁਰੂ ਜੀ ਦਾ ਪ੍ਰਕਾਸ਼ ਉਤਸਵ ਮਨਾਉਣ ਦਾ ਮੰਤਵ ਉਨ੍ਹਾਂ ਦੇ ਦੱਸੇ ਅਸੂਲ ਨੂੰ ਸਹੀ ਅਰਥਾਂ ਵਿੱਚ ਅਪਣਾਉਣ ਨਾਲ ਹੀ ਸਫਲ ਹੋ ਸਕਦਾ ਹੈ।

ned by Nindi, Amarjit